ISSN 0972-2335

# ਅੰਮ੍ਰਿਤ ਕੀਰਤਨ

ਈ-ਮੈਗਜ਼ੀਨ | e-Magazine



ਅਪ੍ਰੈਲ ੨੦੨੫

ਸੰਪਾਦਕ

ਡਾ. ਜਾਗੀਰ ਸਿੰਘ



# ਅ

ਆਪਾ ਕੁਝ ਨਾ ਜਾਣਨ ਜਿਹੜੇ,
ਉਹੀ ਰੱਬ ਦੇ ਬੰਦੇ ਹੂ ।

ਸਭਨਾ ‘ਚ ਰੂਪ ਰੱਬ ਦਾ ਦੇਖਾਂ,
ਕੀ ਚੰਗੇ ਕੀ ਮੰਨਦੇ ਹੂ ।

ਘਟ ਘਟ ਅੰਦਰ ਸਾਈਂ ਵਸਦਾ,
ਬਾਹਿਰ ਮੌਨ ਦੇ ਜੰਦੇ ਹੂ ।

ਸੰਤੋਖ ਵੇਖ ਲੈ ਰੱਬ ਦੀਆਂ ਖੇਡਾਂ,
ਵਿਚ ਭਾਣੇ ਰਹਿਣ ਇਹ ਬੰਦੇ ਹੂ ।

**ਪੁਸਤਕ - ਗੁੱਝੀਆਂ ਰਮਜ਼ਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


**ਸੰਪਾਦਕ**

**ਡਾ. ਜਾਗੀਰ ਸਿੰਘ**

**ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ.ਡੀ.**

**ਸਹਿਯੋਗੀ**

**ਸ. ਹਰਭਜਨ ਸਿੰਘ, ਸ. ਨਵਤੇਜ ਸਿੰਘ,**

**ਅਤੇ ਸ. ਅਰਸ਼ਦੀਪ ਸਿੰਘ**


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤੁ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: **੪/੮/੯੦** ਮਿਤੀ **੨੦/੨/੯੧** ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- 'ਅੰਮ੍ਰਿਤੁ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:


**ਅੰਮ੍ਰਿਤੁ ਕੀਰਤਨ ਟ੍ਰਸਟ (ਰਜਿ.)**

**#422, ਸੈਕਟਰ 15-ਏ, ਚੰਡੀਗੜ੍ਹ [160015]**

**ਫੋਨ: 0172-2772660, +91-98140-53630**

**e-mail:** drjagirsingh@gmail.com
**Website:** http://www.amritkirtan.com


## ਇਸ ਅੰਗ ਵਿੱਚ


**ਸੰਪਾਦਕੀ: ਕਰਉ ਬੇਨੰਤੀਆ**
ਹੁਕਮੈ ਬੂਝੈ ਚਉਪੜਿ ਖੇਲੈ......3

**ਗੁਰਮਤਿ ਸੰਗੀਤ ਰਤਨਾਕਰ ਉਸਤਾਦ ਸੁਰਜੀਤ ਸਿੰਘ**
ਡਾ. ਗੁਰਨਾਮ ਸਿੰਘ......15

**ਭਾਈ ਦਿਲਬਾਗ਼ ਸਿੰਘ ਗੁਲਬਾਗ਼ ਸਿੰਘ**
ਤਾਰਨ ਗੁਜਰਾਲ......18

**ਭਾਈ ਸਮੁੰਦ ਸਿੰਘ ਜੀ ਦੀ ਗਾਇਨ ਸ਼ੈਲੀ**
ਪ੍ਰੋ. ਪਰਮਜੋਤ ਸਿੰਘ ......42

**ਸਫ਼ਰ...**
ਜਸਵਿੰਦਰ ਸਿੰਘ ਕੋਟ ਕਰਾਰ ਖਾਂ......52

**ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ**
ਬਬਲੀ ਐਸ ਸਿੰਘ......54

**Prof. Hardev Singh Deepak**
Dr. Amardev Singh......59

**ਰਾਗ ਮਧੁਵੰਤੀ**
ਪ੍ਰੋ. ਗੁਰਬਖਸ਼ ਸਿੰਘ......63

**ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ**
ਡਾ. ਹਰਿਭਜਨ ਸਿੰਘ......65


Donations to **AMRIT KIRTAN TRUST** (Unique Registration Number **AAATA1371JF19911**) are eligible for relief u/s 11-Clause (i) of first proviso to sub-section (5) of section 80G date 07-04-2022 valid upto from AY 2022-23 to AY 2026-2027----Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are: **AMRIT KIRTAN TRUST (**Savings) Bank A/c No. **65079603302**, IFSC: **SBIN0018141** in the State Bank of India, Phase 3B2, S.A.S Nagar (Mohali), Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt

## ਹੁਕਮੈ ਬੂਝੈ ਚਉਪੜਿ ਖੇਲੈ

ਮਾਨੁਖੀ ਦੇਹੀ ਪ੍ਰਾਪਤ ਕਰਨਾ ਜੀਵ ਵਾਸਤੇ ਬਹੁਤ ਵੱਡੀ ਘਟਨਾ ਹੈ। ਇਸ ਦੇਹੀ ਦੀ ਪ੍ਰਾਪਤੀ ਦੇ ਸਬੰਧ ਵਿੱਚ ਗੁਰਬਾਣੀ ਵਿੱਚ ਅਨੇਕਾਂ ਕਥਨ ਆਏ ਹਨ ਜਿਸ ਤੋਂ ਇਸ ਦੀ ਅਹਿਮੀਅਤ ਪਤਾ ਲੱਗਦੀ ਹੈ। ਭਗਤ ਕਬੀਰ ਜੀ ਦਾ ਸ਼ਬਦ ਹੈ:

ਗੁਰ ਸੇਵਾ ਤੇ ਭਗਤਿ ਕਮਾਈ॥
ਤਬ ਇਹ ਮਾਨਸ ਦੇਹੀ ਪਾਈ
ਇਸ ਦੇਹੀ ਕਉ ਸਿਮਰਹਿ ਦੇਵ॥
ਸੋ ਦੇਹੀ ਭਜੁ ਹਰਿ ਕੀ ਸੇਵ॥੧॥
ਭਜਹੁ ਗੋਬਿੰਦ ਭੂਲਿ ਮਤ ਜਾਹੁ॥
ਮਾਨਸ ਜਨਮ ਏਹੀ ਲਾਹੁ॥ਰਹਾਉ॥
ਜਬ ਲਗ ਜਰਾ ਰੋਗ ਨਹੀ ਆਇਆ॥
ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥
ਜਬ ਲਗੁ ਬਿਕਲ ਭਈ ਨਹੀ ਬਾਨੀ॥
ਭਜਿ ਲੇਹਿ ਰੇ ਮਨ ਸਾਰਿਗਪਾਨੀ॥੨॥
ਅਬ ਨ ਭਜਸਿ ਭਜਸਿ ਕਬ ਭਾਈ॥

ਆਵਹਿ ਅੰਤੁ ਨ ਭਜਿਆ ਜਾਈ॥

ਜੋ ਕਿਛੁ ਕਰਹਿ ਸੋਈ ਅਬ ਸਾਰੁ॥

ਫਿਰਿ ਪਛੁਤਾਹੁ ਨ ਪਾਵਹੁ ਪਾਰੁ॥੩॥

ਸੋ ਸੇਵਕੁ ਜੋ ਲਾਇਆ ਸੇਵ॥

ਤਿਨ ਹੀ ਪਾਏ ਨਿਰੰਜਨ ਦੇਵ॥

ਗੁਰ ਮਿਲਿ ਤਾ ਕੇ ਖੁਲੇ ਕਪਾਟ॥

ਬਹੁਰਿ ਨ ਆਵੈ ਜੋਨੀ ਬਾਟ॥੪॥

ਇਹੀ ਤੇਰਾ ਅਉਸਰ ਇਹ ਤੇਰੀ ਬਾਰ॥

ਘਟ ਭੀਤਰਿ ਤੂ ਦੇਖਿ ਬਿਚਾਰਿ॥

ਕਹਤ ਕਬੀਰੁ ਜੀਤਿ ਕੈ ਹਾਰਿ॥

ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ॥੫॥ (ਅੰਗ ੧੧੫੯)

ਕਬੀਰ ਜੀ ਇਕ ਸਲੋਕ ਵਿਚ ਮਨੁੱਖ ਜਨਮ ਦੀ ਦੁਰਲਭਤਾ ਬਾਰੇ ਫਰਮਾਉਂਦੇ ਹਨ:

ਕਬੀਰ ਮਾਨਸ ਜਨਮ ਦੁਲੰਭੁ ਹੈ ਹੋਇ ਨਾ ਬਾਰੈ ਬਾਰ॥

ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥ (ਅੰਗ ੧੩੬੬)

ਗੁਰੂ ਨਾਨਕ ਸਾਹਿਬ ਇਸ ਜਨਮ ਨੂੰ ਹੀਰੇ ਜੈਸਾ ਆਖਦੇ ਹਨ:

ਰੈਣਿ ਗਵਾਈ ਸੋਇ ਕੈ ਦਿਵਸ ਗਵਾਇਆ ਖਾਇ॥

ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥ (ਅੰਗ ੧੫੬)

ਪਰ ਇਹ ਗੱਲ ਸਮਝ ਨਹੀਂ ਆਉਂਦੀ, ਅਸੀਂ ਜਿਹੜੇ ਇਸ ਜਨਮ ਨੂੰ ਕਈ ਤਰ੍ਹਾਂ ਦੀਆਂ ਬੇਨਤੀਆਂ ਕਰਕੇ ਪ੍ਰਾਪਤ ਕਰਦੇ ਹਾਂ ਅਤੇ ਜਿਸ ਨੂੰ ਅਮੁੱਲ ਆਖਿਆ ਜਾਂਦਾ ਹੈ ਫਿਰ ਉਸ ਬਾਰੇ ਕਬੀਰ ਜੀ ਇਹ ਕਿਉਂ ਆਖਦੇ ਹਨ 'ਅਬ ਕੀ ਬਾਰ ਬਖਸਿ ਬੰਦੇ ਕਉ ਬਹੁਰਿ ਨ ਭਉਜਲਿ ਫੇਰਾ॥

ਇਹ ਸਾਰਾ ਸ਼ਬਦ ਤਾਂ ਜਿਵੇਂ ਇਸ ਮਨੁੱਖੀ ਜਨਮ ਦੀ ਭਿਆਨਕਤਾ ਬਿਆਨ ਕਰਦਾ ਹੈ:

ਦੇਹੀ ਗਾਵਾ ਜੀਉ ਧਰ ਮਹਤਉ ਬਸਹਿ ਪੰਚ ਕਿਰਸਾਨਾ॥
ਨੈਨੂ ਨਕਟੂ ਸ੍ਰਵਨੂ ਰਸਪਤਿ ਇੰਦ੍ਰੀ ਕਹਿਆ ਨ ਮਾਨਾ॥੧॥
ਬਾਬਾ ਅਬ ਨ ਬਸਉ ਇਹ ਗਾਉ॥
ਘਰੀ ਘਰੀ ਕਾ ਲੇਖਾ ਮਾਗੈ ਕਾਇਥੁ ਚੇਤੂ ਨਾਉ॥੧॥ਰਹਾਉ॥
ਧਰਮ ਰਾਇ ਜਬ ਲੇਖਾ ਮਾਗੈ ਬਾਕੀ ਨਿਕਸੀ ਭਾਰੀ॥
ਪੰਚ ਕ੍ਰਿਸਾਨਵਾ ਭਾਗਿ ਗਏ ਲੈ ਬਾਧਿਓ ਜੀਉ ਦਰਬਾਰੀ॥੨॥
ਕਹੈ ਕਬੀਰੁ ਸੁਨਹੁ ਰੇ ਸੰਤਹੁ ਖੇਤ ਹੀ ਕਰਹੁ ਨਿਬੇਰਾ॥
ਅਬ ਕੀ ਬਾਰ ਬਖਸਿ ਬੰਦੇ ਕਉ ਬਹੁਰਿ ਨ ਭਉਜਲਿ ਫੇਰਾ॥੩॥

ਪਰ ਫਿਰ ਬਾਣੀ ਪੜ੍ਹਦਿਆਂ ਇਹ ਸੋਝੀ ਪੈਂਦੀ ਹੈ ਕਿ ਜੀਵ ਵਿਕਾਸ ਕਰਨ ਲਈ ਜਤਨ ਕਰਦਾ ਹੈ।ਪਰਮਾਤਮਾ ਉਸ ਨੂੰ ਵਿਕਾਸ ਕਰਨ ਲਈ ਮਨੁੱਖਾ ਜਨਮ ਦਿੰਦਾ ਹੈ।ਇਥੋਂ ਇੱਕ ਗੱਲ ਸਪਸ਼ਟ ਹੁੰਦੀ ਹੈ ਕਿ ਦੇਵਤੇ ਜਾਂ ਸਵਰਗ ਆਦਿ ਵਿੱਚ ਰਹਿਣ ਵਾਲੇ ਜੀਵ ਚੰਗੇ ਹਨ ਪਰ ਜੇ ਤੁਸੀਂ ਹੋਰ ਚੰਗੇਰਾ ਹੋਣਾ ਚਾਹੁੰਦੇ ਹੋ ਤਾਂ ਤੁਹਾਨੂੰ ਇਕ ਮੌਕਾ ਅਵਸਰ ਚਾਹੀਦਾ ਹੈ ਜਿਥੇ ਤੁਸੀਂ ਜੀਵਨ ਰੂਪੀ ਖੇਡ ਖੇਡ ਸਕੋ।ਪਰ ਇਹ ਖੇਡ ਕੋਈ ਆਸਾਨ ਖੇਡ ਨਹੀਂ ਹੈ।

ਕਬੀਰ ਜੀ ਦੇ ਇਕ ਸ਼ਬਦ ਤੋਂ ਜੀਵਨ ਦੀ ਇਸ ਖੇਡ ਦੇ ਕੁਝ ਝਾਉਲੇ ਜਿਹੇ ਪੈਦੇ ਜਾਪਦੇ ਹਨ:

ਥਾਕੇ ਨੈਨ ਸ੍ਰਵਨ ਸੁਨਿ ਥਾਕੇ ਥਾਕੀ ਸੁੰਦਰ ਕਾਇਆ॥
ਜਰਾ ਹਾਕ ਦੀ ਸਭ ਮਤਿ ਥਾਕੀ ਏਕ ਨ ਥਾਕਸਿ ਮਾਇਆ॥੧॥
ਬਾਵਰੇ ਤੈ ਗਿਆਨ ਬੀਚਾਰ ਨ ਪਾਇਆ॥
ਬਿਰਥਾ ਜਨਮੁ ਗਵਾਇਆ॥੧॥ ਰਹਾਉ॥
ਤਬ ਲਗੁ ਪ੍ਰਾਨੀ ਤਿਸੈ ਸਰੇਵਹੁ ਜਬ ਲਗੁ ਘਟ ਮਹਿ ਸਾਸਾ॥
ਜੇ ਘਟੁ ਜਾਇ ਤ ਭਉ ਨ ਜਾਸੀ ਹਰਿ ਕੇ ਚਰਨ ਨਿਵਾਸਾ॥੨॥
ਜਿਸ ਕਉ ਸਬਦੁ ਬਸਾਵੈ ਅੰਤਰਿ ਚੂਕੈ ਤਿਸਹਿ ਪਿਆਸਾ॥
ਹੁਕਮੈ ਬੂਝੈ ਚਉਪੜਿ ਖੇਲੈ ਮਨੁ ਜਿਣਿ ਢਾਲੇ ਪਾਸਾ॥੩॥

ਜੋ ਜਨ ਜਾਨਿ ਭਜਹਿ ਅਬਿਗਤ ਕਉ ਤਿਨ ਕਾ ਕਛੂ ਨ ਨਾਸਾ॥ ਕਹੁ ਕਬੀਰ ਤੇ ਜਨ ਕਬਹੁ ਨ ਹਾਰਹਿ ਢਾਲਿ ਜੁ ਜਾਨਹਿ ਪਾਸਾ॥੪॥ (ਅੰਗ ੭੯੩)

ਗੁਰਬਾਣੀ ਵਿੱਚ ਮਨੁੱਖੀ ਜੀਵਨ ਨੂੰ ਚੌਪੜ ਦੀ ਖੇਡ ਅਤੇ ਉਸ ਦੀ ਸਮੱਗਰੀ ਨਾਲ ਤਸ਼ਬੀਹ ਦੇ ਕੇ ਇਸ ਦੀ ਮਹੱਤਤਾ ਦਰਸਾਈ ਗਈ ਹੈ।

ਡਾਕਟਰ ਰਤਨ ਸਿੰਘ ਜੱਗੀ ਗੁਰੂ ਗ੍ਰੰਥ ਵਿਸ਼ਵ ਕੋਸ਼ ਵਿੱਚ ਚਉਪੜ ਬਾਰੇ ਲਿਖਦੇ ਹਨ:

ਜੂਏ ਨਾਲ ਸਬੰਧਤ ਇਕ ਖੇਲ ਜਿਸ ਵਿਚ ਚਾਰ ਪਦਾਂ (ਪੱਲਿਆਂ) ਵਾਲੇ ਬਸਤ੍ਰ ਨੂੰ ਵਿਛਾਇਆ ਜਾਂਦਾ ਹੈ ਅਤੇ ਗੋਟੀਆਂ (ਨਰਦਾਂ) ਨਾਲ ਚਾਲ ਚਲੀ ਜਾਂਦੀ ਹੈ। ਪਰ ਕਈ ਵਾਰ ਕੌਡੀਆਂ ਸੁਟ ਕੇ ਉਨ੍ਹਾਂ ਦੀ ਗਿਣਤੀ ਅਨੁਸਾਰ ਨਰਦਾਂ ਦੀ ਚਾਲ ਚਲੀ ਜਾਂਦੀ ਹੈ।

ਵਿਦਵਾਨਾਂ ਨੇ ਇਸ ਦਾ ਆਰੰਭ ਪੰਜਾਬ ਦੀ ਧਰਤੀ ਤੋਂ ਮੰਨਿਆ ਹੈ। ਇੱਥੋਂ ਹੀ ਇਹ ਵਪਾਰੀਆਂ, ਸੌਦਾਗਰਾਂ ਰਾਹੀਂ ਪੱਛਮੀ ਦੇਸਾਂ ਵੱਲ ਪਸਰੀ ਅਤੇ ਇਸ ਵਿਚ ਕੁਝ ਕੁ ਰੂਪ-ਪਰਿਵਰਤਨ ਵੀ ਹੁੰਦਾ ਹੈ। 'ਸ਼ਤਰੰਜ' ਇਸੇ ਦਾ ਪਰਿਵਰਤਿਤ ਅਤੇ ਦੇਸਾਂਤਰੀ ਰੂਪ ਦੱਸਿਆ ਜਾਂਦਾ ਹੈ।

ਗੁਰਬਾਣੀ ਵਿਚ ਇਸ ਪ੍ਰਕਾਰ ਦੇ ਖੇਲ ਵਿਚ ਵਿਅਰਥ ਦਾ ਸਮਾਂ ਗੰਵਾਉਣਾ ਵਰਜਿਤ ਹੈ। ਇਸ ਨੂੰ ਹਉਮੈ ਦਾ ਪ੍ਰਤੀਕ ਮਿਥ ਕੇ ਸਾਰਾ ਸੰਸਾਰ ਇਸ ਖੇਲ

ਵਿਚ ਹਾਰ ਰਿਹਾ ਦਸਿਆ ਗਿਆ ਹੈ। ਕੇਵਲ ਗੁਰੂ ਦੇ ਸ਼ਬਦ ਉਪਰ ਵਿਚਾਰ ਕਰਨ ਵਾਲਾ ਹੀ ਅਧਿਆਤਮਕ ਜਿਤ ਪ੍ਰਾਪਤ ਕਰ ਸਕਦਾ ਹੈ।

ਸਿਰੀ ਰਾਗ ਵਿੱਚ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ:

ਤੁਧੁ ਸੰਸਾਰ ਉਪਾਇਆ॥ ਸਿਰੇ ਸਿਰਿ ਧੰਧੇ ਲਾਇਆ॥

ਵੇਖਹਿ ਕੀਤਾ ਆਪਣਾ ਕਰਿ ਕੁਦਰਤਿ ਪਾਸਾ ਢਾਲਿ ਜੀਉ॥ (ਅੰਗ ੭੧)

ਅਰਥਾਤ–ਹੇ ਪ੍ਰਭੂ ਤੂੰ ਹੀ ਜਗਤ ਪੈਦਾ ਕੀਤਾ ਹੈ, ਹਰੇਕ ਜੀਵ ਉੱਤੇ ਉਹਨਾਂ ਦੇ ਕੀਤੇ ਕਰਮਾਂ ਦੇ ਲੇਖ ਲਿਖ ਕੇ ਜੀਵਾਂ ਨੂੰ ਤੂੰ ਹੀ ਮਾਇਆ ਦੇ ਧੰਧਿਆਂ ਵਿਚ ਫਸਾਇਆ ਹੋਇਆ ਹੈ। ਤੂੰ ਆਪ ਹੀ ਕੁਦਰਤਿ ਰਚ ਕੇ ਜਗਤ - ਚਉਪੜ ਦੀਆਂ ਜੀਵ–ਨਰਦਾਂ ਸੁੱਟ ਕੇ ਤੂੰ ਆਪ ਹੀ ਆਪਣੇ ਰਚੇ ਜਗਤ ਦੀ ਸੰਭਾਲ ਕਰ ਰਿਹਾ ਹੈਂ।

ਗੁਰੂ ਰਾਮਦਾਸ ਜੀ  ਸਿਰੀ ਰਾਗ ਵਿੱਚ ਆਖਦੇ ਹਨ:

ਸਭੁ ਸਫਲਿਓ ਜਨਮੁ ਤਿਨਾ ਦਾ ਗੁਰਮੁਖਿ ਜਿਨਾ ਮਨੁ ਜਿਣਿ ਪਾਸਾ ਢਾਲਿਆ॥ (ਅੰਗ ੭੮)

ਬਾਜੀਗਰੀ ਸੰਸਾਰ ਕਬੀਰਾ ਚੇਤਿ ਢਾਲਿ ਪਾਸਾ॥ (ਆਸਾ ਅੰਗ ੪੮੨)

ਮਾਰੂ ਸੋਲਹੇ ਮਹਲਾ ੧

ਆਪੇ ਪੁਰਖੁ ਆਪੇ ਹੀ ਨਾਰੀ॥ਆਪੇ ਪਾਸਾ ਆਪੇ ਸਾਰੀ॥

ਆਪੇ ਪਿੜ ਬਾਧੀ ਜਗੁ ਖੇਲੈ ਆਪੇ ਕੀਮਤਿ ਪਾਈ ਹੇ॥ (ਅੰਗ ੧੦੨੦)

ਅਰਥਾਤ- ਹਰੇਕ ਮਰਦ ਭੀ ਪ੍ਰਭੂ ਆਪ ਹੀ ਹੈ ਤੇ ਹਰੇਕ ਇਸਤ੍ਰੀ ਭੀ ਆਪ ਹੀ ਹੈ, ਪ੍ਰਭੂ ਆਪ ਹੀ ਇਹ ਜਗਤ-ਰੂਪ ਚਉਪੜ ਦੀ ਖੇਡ ਹੈ ਤੇ ਆਪ ਹੀ ਚਉਪੜ ਦੀਆਂ ਜੀਵ-ਨਰਦਾਂ ਹੈ।ਪਰਮਾਤਮਾ ਨੇ ਆਪ ਹੀ ਇਹ ਜਗਤ ਚਉਪੜ ਦੀ ਖੇਡ ਰੂਪ ਪਿੜ ਤਿਆਰ ਕੀਤਾ ਹੈ, ਆਪ ਹੀ ਇਸ ਖੇਡ ਨੂੰ ਪਰਖ ਰਿਹਾ ਹੈ।

ਭੱਟਾਂ ਦੇ ਸਵੱਈਆਂ ਵਿੱਚ ਵੀ ਅੰਕਿਤ ਹੈ:

ਆਪੇ ਨਰੁ ਆਪੇ ਫੁਨਿ ਨਾਰੀ ਆਪੇ ਸਾਰਿ ਆਪ ਹੀ ਪਾਸਾ॥ (ਅੰਗ ੧੪੦੩)

ਸਰਬ ਵਿਆਪਕ ਪ੍ਰਭੂ ਆਪ ਹੀ ਮਨੁੱਖ ਹੈ ਤੇ ਆਪ ਹੀ ਇਸਤ੍ਰੀ ਹੈ ਆਪ ਹੀ ਨਰਦ ਹੈ ਤੇ ਆਪ ਹੀ ਚੌਪੜ ਹੈ।

ਗੁਰੂ ਨਾਨਕ ਦੇਵ ਜੀ ਦੁਆਰਾ ਆਸਾ ਰਾਗ ਅੰਦਰ ਰਚਿਤ 'ਪਟੀ' ਬਾਣੀ ਵਿੱਚ ਲਿਖਿਆ ਹੈ:

ਬਬੈ ਬਾਜੀ ਖੇਲਣ ਲਾਗਾ ਚਉਪੜਿ ਕੀਤੇ ਚਾਰਿ ਜੁਗਾ॥
ਜੀਅ ਜੰਤ ਸਭ ਸਾਰੀ ਕੀਤੇ ਪਾਸਾ ਢਾਲਣਿ ਆਪਿ ਲਗਾ॥ (ਅੰਗ ੪੩੩)

ਪਰਮਾਤਮਾ ਆਪ ਚੌਪੜ ਦੀ ਖੇਡ ਖੇਡ ਰਿਹਾ ਹੈ, ਚਾਰ ਜੁਗਾਂ ਨੂੰ ਉਸ ਨੇ ਚੌਪੜ ਦੇ ਚਾਰ ਪੱਲੇ ਬਣਾਇਆ ਹੈ, ਸਾਰੇ ਜੀਵ ਜੰਤੂ ਉਸ ਨੇ ਨਰਦਾਂ ਬਣਾਈਆਂ ਹੋਈਆਂ ਹਨ, ਪ੍ਰਭੂ ਆਪ ਪਾਸੇ ਸੁੱਟਦਾ ਹੈ, ਕਈ ਨਰਦਾਂ ਪੁੱਗਦੀਆਂ ਜਾਂਦੀਆਂ

ਹਨ, ਕਈ ਉਹਨਾਂ ਚੌਹਾਂ ਖਾਨਿਆਂ ਦੇ ਗੇੜ ਵਿਚ ਹੀ ਪਈਆਂ ਰਹਿੰਦੀਆਂ ਹਨ।

ਜਿਵੇਂ ਇਸ ਖੇਡ ਦੇ ਨਿਯਮਾਂ ਅਧੀਨ ਖੇਡ ਖੇਡਣ ਦੀ ਅਜ਼ਾਦੀ ਹੈ।ਮਨੁੱਖ ਇਸ ਖੇਡ ਵਿਚ ਜੇ ਸਮਝ ਨਾਲ ਚਾਲ ਚਲੇ ਤਾਂ ਜਿੱਤ ਸਕਦਾ ਹੈ।ਕਬੀਰ ਜੀ ਦੇ ਇਸ ਸ਼ਬਦ ਦੀਆਂ ਆਖਰੀ ਤੁਕਾਂ ਦੇ ਵਿਦਵਾਨਾਂ ਨੇ ਇੰਜ ਅਰਥ ਕੀਤੇ ਹਨ:

ਜਿਸ ਕਉ ਸਬਦੁ ਬਸਾਵੈ ਅੰਤਰਿ ਚੂਕੈ ਤਿਸਹਿ ਪਿਆਸਾ॥
ਹੁਕਮੈ ਬੂਝੈ ਚਉਪੜਿ ਖੇਲੈ ਮਨੁ ਜਿਣਿ ਢਾਲੇ ਪਾਸਾ॥੩॥
ਜੋ ਜਨ ਜਾਨਿ ਭਜਹਿ ਅਬਿਗਤ ਕਉ ਤਿਨ ਕਾ ਕਛੂ ਨ ਨਾਸਾ॥
ਕਹੁ ਕਬੀਰ ਤੇ ਜਨ ਕਬਹੁ ਨ ਹਾਰਹਿ ਢਾਲਿ ਜੁ ਜਾਨਹਿ ਪਾਸਾ॥੪॥ (ਅੰਗ ੭੯੩)

(ਪ੍ਰਭੂ ਆਪ) ਜਿਸ ਮਨੁੱਖ ਦੇ ਮਨ ਵਿਚ ਆਪਦੀ ਸਿਫਤਿ ਸਾਲਾਹ ਦੀ ਬਾਣੀ ਵਸਾਉਂਦਾ ਹੈ, ਉਸ ਦੀ (ਮਾਇਆ ਦੀ) ਤ੍ਰਿਹ ਮਿਟ ਜਾਂਦੀ ਹੈ।ਉਹ ਮਨੁੱਖ ਪ੍ਰਭੂ ਦੀ ਰਜ਼ਾ ਨੂੰ ਸਮਝ ਲੈਂਦਾ ਹੈ (ਰਜ਼ਾ ਵਿਚ ਰਹਿਣ ਦਾ) ਚੌਪੜ ਉਹ ਖੇਡਦਾ ਹੈ, ਤੇ ਮਨ ਨੂੰ ਜਿੱਤ ਕੇ ਪਾਸਾ ਸੁੱਟਦਾ ਹੈ (ਭਾਵ, ਮਨ ਨੂੰ ਜਿੱਤਣਾ- ਇਹ ਉਸ ਲਈ ਚੌਪੜ ਖੇਡ ਵਿਚ ਪਾਸਾ ਸੁੱਟਣਾ ਹੈ) (3)

ਜੋ ਮਨੁੱਖ ਪ੍ਰਭੂ ਨਾਲ ਸਾਂਝ ਬਣਾ ਕੇ ਉਸ ਅਦ੍ਰਿਸ਼ਟ ਨੂੰ ਸਿਮਰਦੇ ਹਨ, ਉਹਨਾਂ ਦਾ ਜੀਵਨ ਅਜਾਈਂ ਨਹੀਂ ਜਾਂਦਾ। ਹੇ ਕਬੀਰ, ਆਖ- ਜੋ ਮਨੁੱਖ

(ਸਿਮਰਨ-ਰੂਪ) ਪਾਸਾ ਸੁੱਟਣਾ ਜਾਣਦੇ ਹਨ, ਉਹ ਜ਼ਿੰਦਗੀ ਦੀ ਬਾਜ਼ੀ ਕਦੇ ਹਾਰ ਕੇ ਨਹੀਂ ਜਾਂਦੇ।

ਰਾਗ ਆਸਾ ਵਿੱਚ ਗੁਰੂ ਨਾਨਕ ਦੇਵ ਜੀ ਚਉਪੜ ਦੀ ਖੇਡ ਬਾਰੇ ਉਚਾਰਦੇ ਹਨ

ਹਉਮੈ ਚਉਪੜਿ ਖੇਲਣਾ ਝੂਠੇ ਅਹੰਕਾਰਾ॥

ਸਭੁ ਜਗੁ ਹਾਰੈ ਸੋ ਜਿਣੈ ਗੁਰ ਸਬਦੁ ਵੀਚਾਰਾ॥ (ਅੰਗ ੪੨੨)

ਅਰਥਾਤ - ਇਸ ਹਉਮੈ ਦੀ ਚਉਪੜਿ ਜਗਤ ਝੂਠ ਤੇ ਅਹੰਕਾਰ ਦੀਆਂ ਨਰਦਾਂ ਨਾਲ ਖੇਡ ਰਿਹਾ ਹੈ, ਇਸ ਖੇਡ ਵਿਚ ਲੱਗ ਕੇ ਸਾਰਾ ਸੰਸਾਰ ਮਨੁੱਖਾ ਜੀਵਨ ਦੀ ਬਾਜ਼ੀ ਹਾਰ ਰਿਹਾ ਹੈ। ਸਿਰਫ ਉਹ ਮਨੁੱਖ ਜਿੱਤਦਾ ਹੈ ਜੋ ਗੁਰੂ ਦੇ ਸ਼ਬਦ ਨੂੰ ਆਪਣੇ ਵਿਚਾਰ-ਮੰਡਲ ਵਿੱਚ ਟਿਕਾਂਦਾ ਹੈ।

ਗੁਰੂ ਅਰਜਨ ਦੇਵ ਜੀ ਰਾਗ ਬਸੰਤ ਵਿੱਚ ਜੀਵਨ ਰੂਪੀ ਚਉਪੜ ਦੀ ਖੇਡ ਨੂੰ ਸਹੀ ਤਰੀਕੇ ਨਾਲ ਖੇਡਣ ਦੀ ਜਾਚ ਦਸਦੇ ਹਨ:

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥

ਹਰਿ ਨਾਮੈ ਕੈ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥੧॥

ਇਨ ਬਿਧਿ ਪਾਸਾ ਢਾਲਹੁ ਬੀਰ॥

ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ ਅੰਤ ਕਾਲਿ ਨਹ ਲਾਗੈ ਪੀਰ॥੧॥ ਰਹਾਉ॥

ਕਰਮ ਧਰਮ ਤੁਮ ਚਉਪੜਿ ਸਾਜਹੁ ਸਤੁ ਕਰਹੁ ਤੁਮ ਸਾਰੀ॥

ਕਾਮੁ ਕ੍ਰੋਧਿ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ॥੨॥

ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ॥

ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ ॥੩॥

ਹਰਿ ਆਪੇ ਖੇਲੈ ਆਪੇ ਦੇਖੈ ਹਰਿ ਆਪੇ ਰਚਨੁ ਰਚਾਇਆ ॥

ਜਨ ਨਾਨਕ ਗੁਰਮੁਖਿ ਜੋ ਨਰੁ ਖੇਲੈ ਸੋ ਜਿਣਿ ਬਾਜੀ ਘਰਿ ਆਇਆ ॥੪॥

(ਅੰਗ ੧੧੮੫)

ਸਾਹਿਬ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਰਪਣ ਵਿੱਚ ਰਹਾਉ ਦੀ ਤੁੱਕ ਤੋਂ ਅਰਥ ਅਰੰਭ ਕਰਦਿਆਂ ਇਸ ਸ਼ਬਦ ਦੀ ਵਿਆਖਿਆ ਕਰਦੇ ਹਨ:

ਹੇ ਵੀਰ, ਗੁਰੂ ਦੀ ਸਰਨ ਪੈ ਕੇ ਦਿਨ ਰਾਤ ਪਰਮਾਤਮਾ ਦਾ ਨਾਮ ਜਪਿਆ ਕਰੋ, ਇਸ ਤਰ੍ਹਾਂ (ਇਸ ਜੀਵਨ–ਖੇਡ ਵਿਚ) ਦਾਅ ਚਲਾਵੋ (ਪਾਸਾ ਸੁੱਟੋ)।ਜੇ ਇਸ ਤਰ੍ਹਾਂ ਇਹ ਖੇਡ ਖੇਡਦੇ ਰਹੋਗੇ ਤਾਂ) ਜ਼ਿੰਦਗੀ ਦੇ ਅਖੀਰਲੇ ਸਮੇ (ਜਮਾਂ ਦਾ) ਦਾ ਦੁੱਖ ਨਹੀਂ ਲੱਗੇਗਾ। ॥ਰਹਾਉ॥

ਹੇ ਮੇਰੇ ਵੀਰ, ਨੇਕ ਕੰਮ ਕਰਨ ਨੂੰ ਤੁਸੀਂ ਚੌਪੜ ਦੀ ਖੇਡ ਬਣਾਵੋ, ਉੱਚੇ ਆਚਰਨ ਨੂੰ ਨਰਦ ਬਣਾਵੋ।ਇਸ ਨਰਦ ਦੀ ਬਰਕਤ ਨਾਲ) ਤੁਸੀਂ ਆਪਣੇ ਅੰਦਰੋਂ ਕਾਮ ਕ੍ਰੋਧ ਨੂੰ ਲੋਭ ਨੂੰ ਅਤੇ ਮੋਹ ਨੂੰ ਵੱਸ ਵਿੱਚ ਕਰੋ। ਹੇ ਵੀਰ, ਇਹੋ ਖੇਡ ਪਰਮਾਤਮਾ ਨੂੰ ਪਿਆਰੀ ਲੱਗਦੀ ਹੈ। ਪਸੰਦ ਆਉਂਦੀ ਹੈ।੨

ਹੇ ਮੇਰੇ ਵੀਰ ਅੰਮ੍ਰਿਤ ਵੇਲੇ ਉੱਠ ਕੇ ਨਾਮ–ਜਲ ਵਿਚ ਚੁੱਭੀ ਲਾਇਆ ਕਰੋ, ਸੁੱਤੇ ਹੋਏ ਭੀ ਪਰਮਾਤਮਾ ਦੇ ਆਰਾਧਨ ਵਿਚ ਜੁੜੇ ਰਹੋ।ਜਿਹੜੇ ਮਨੁੱਖ ਇਹ ਉੱਦਮ ਕਰਦੇ ਹਨ ਉਹਨਾਂ ਨੂੰ ਪਿਆਰਾ ਗੁਰੂ ਕਾਮਾਦਿਕਾਂ ਦੇ ਟਾਕਰੇ ਤੇ ਔਖੇ

ਦਾਅ ਤੋਂ ਕਾਮਯਾਬ ਕਰ ਦੇਂਦਾ ਹੈ, ਉਹ ਮਨੁੱਖ ਆਤਮਕ ਅਡੋਲਤਾ ਦੇ ਸੁਖ-ਆਨੰਦ ਨਾਲ ਪ੍ਰਭੂ-ਚਰਨਾਂ ਵਿਚ ਟਿਕੇ ਰਹਿੰਦੇ ਹਨ।੩

ਹੇ ਦਾਸ ਨਾਨਕ, ਆਖ: ਹੇ ਵੀਰ ਪਰਮਾਤਮਾ ਆਪ ਹੀ ਜਗਤ-ਖੇਡ ਖੇਡਦਾ ਹੈ, ਆਪ ਹੀ ਇਹ ਖੇਡ ਵੇਖਦਾ ਹੈ। ਪ੍ਰਭੂ ਨੇ ਆਪ ਹੀ ਇਹ ਰਚਨਾ ਰਚੀ ਹੋਈ ਹੈ। ਇਥੇ ਜਿਹੜਾ ਮਨੁੱਖ ਗੁਰੂ ਦੀ ਸਰਨ ਪੈ ਕੇ ਕਾਮਾਦਿਕਾਂ ਦੇ ਟਾਕਰੇ ਤੇ ਜੀਵਨ-ਖੇਡ ਖੇਡਦਾ ਹੈ, ਉਹ ਇਹ ਬਾਜ਼ੀ ਜਿੱਤ ਕੇ ਪ੍ਰਭੂ-ਦਰ ਤੇ ਪਹੁੰਚਦਾ ਹੈ।੪

ਗੁਰੂ ਅਮਰਦਾਸ ਜੀ ਵੀ ਮਾਝ ਰਾਗ ਵਿੱਚ ਚਉਪੜ ਦੀ ਖੇਡ ਵਾਂਗ ਮਨੁੱਖਾਂ ਨੂੰ ਕੱਚੀਆਂ ਪੱਕੀਆਂ ਨਰਦਾਂ ਦੀ ਮਿਸਾਲ ਦਿੰਦਿਆਂ ਜੀਵਨ ਦੀ ਰਮਜ਼ ਸਮਝਾਉਂਦੇ ਹਨ:

ਜੀਅ ਜੰਤ ਸਭਿ ਸਰਣਿ ਤੁਮਾਰੀ॥
ਆਪੇ ਧਰਿ ਦੇਖਹਿ ਕਚੀ ਪਕੀ ਸਾਰੀ॥
ਅਨਦਿਨੁ ਆਪੇ ਕਾਰ ਕਰਾਏ ਆਪੇ ਮੇਲ ਮਿਲਾਵਣਿਆ॥ (ਅੰਗ ੧੧੩)

ਅਰਥਾਤ-ਹੇ ਪ੍ਰਭੂ, ਜਗਤ ਦੇ ਸਾਰੇ ਜੀਵ ਤੇਰਾ ਹੀ ਆਸਰਾ ਤੱਕ ਸਕਦੇ ਹਨ।ਹੇ ਪ੍ਰਭੂ, ਇਹ ਤੇਰਾ ਰਚਿਆ ਜਗਤ, ਮਾਨੋ ਚਉਪੜ ਖੇਡ ਹੈ, ਤੂੰ ਆਪ ਹੀ ਇਸ ਚਉਪੜ ਉੱਤੇ ਕੱਚੀਆਂ ਪੱਕੀਆਂ ਨਰਦਾਂ (ਭਾਵ ਉੱਚੇ ਤੇ ਕੱਚੇ ਜੀਵਨ ਵਾਲੇ ਜੀਵ ਰਚ ਕੇ ਇਹਨਾਂ ਦੀ ਸੰਭਾਲ ਕਰਦਾ ਹੈਂ।

ਸੋ ਵੱਖ ਵੱਖ ਪ੍ਰਸੰਗਾਂ ਰਾਹੀਂ ਗੁਰ ਸ਼ਬਦ ਦੀ ਵੀਚਾਰ ਕਰਦਿਆਂ ਜੀਵਨ ਸਫਲ ਕਰਨ ਦਾ ਜਤਨ ਕੀਤਾ ਜਾ ਸਕਦਾ ਹੈ। ਕਬੀਰ ਜੀ ਦਾ ਫੁਰਮਾਣ ਸਹੀ ਸੇਧ ਦਿੰਦਾ ਹੈ:

ਜਿਸ ਕਉ ਸਬਦੁ ਬਸਾਵੈ ਅੰਤਰਿ ਚੂਕੈ ਤਿਸਹਿ ਪਿਆਸਾ॥
ਹੁਕਮੈ ਬੂਝੈ ਚਉਪੜਿ ਖੇਲੈ ਮਨੁ ਜਿਣਿ ਢਾਲੇ ਪਾਸਾ॥੩॥

**ਭੁੱਲ ਚੁੱਕ ਖਿਮਾ**



**ਜਾਗੀਰ ਸਿੰਘ**

# ਗੁਰਮਤਿ ਸੰਗੀਤ ਰਚਨਾਕਾਰ ਉਸਤਾਦ ਸੁਰਜੀਤ ਸਿੰਘ

ਡਾ. ਗੁਰਨਾਮ ਸਿੰਘ

ਉਸਤਾਦ ਸੁਰਜੀਤ ਸਿੰਘ ਗੁਰਮਤਿ ਸੰਗੀਤ ਦੇ ਟਕਸਾਲੀ ਸ਼ਬਦ ਕੀਰਤਨ ਰਚਨਾਕਾਰ ਹਨ। ਆਪ ਨੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਅਨੇਕ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਤਾਲੀਮ ਦਿਤੀ ਅਤੇ ਨਾਲ ਹੀ ਗੁਰਮਤਿ ਸੰਗੀਤ ਦੀ ਸਿਖਲਾਈ ਪਰੰਪਰਾ ਨੂੰ ਸ਼ਬਦ ਕੀਰਤਨ ਰਚਨਾਵਾਂ ਦੇ ਰੂਪ ਵਿਚ ਸੁਰਲਿਪੀ ਬੱਧ ਸੰਗ੍ਰਿਹਾਂ ਦੇ ਰੂਪ ਵਿਚ ਪ੍ਰਕਾਸ਼ਿਤ ਕਰਵਾਇਆ। ਰਾਗੀ ਸੁਰਜੀਤ ਸਿੰਘ ਨੇ ਗੁਰਮਤਿ ਸੰਗੀਤ ਅਤੇ ਤਬਲੇ ਦੀ ਆਰੰਭਿਕ ਸਿੱਖਿਆ ਸਿੰਘਾਂ ਵਾਲਾ ਟਕਸਾਲ ਤੋਂ ਆਰੰਭ ਕੀਤੀ ਜਿਸਦੀ ਸਥਾਪਨਾ ੧੯੮੨ ਵਿਚ ਭਾਈ ਸੁੰਦਰ ਸਿੰਘ ਤੇ ਭਾਈ ਗੁਰਚਰਨ ਸਿੰਘ ਨੇ ਮੋਗਾ ਕੋਟਕਪੁਰਾ ਦੀ ਮੁਖ ਸੜਕ ਤੇ ਸਥਿਤ ਪਿੰਡ ਸਿੰਘਾਂ ਵਾਲਾ ਵਿਖੇ ਕੀਤੀ ਸੀ। ਉਪਰੰਤ ਆਪ ਨੇ ਸੰਤ ਬਾਬਾ ਅਤਰ ਸਿੰਘ ਜੀ ਵਲੋਂ ਸਥਾਪਿਤ ਕੀਤੀ ਮਸਤੂਆਣਾ ਟਕਸਾਲ ਵਿਖੇ ਰਾਗੀ ਜਸਵੰਤ ਸਿੰਘ ਤੀਬਰ, ਉਸਤਾਦ ਦਲੀਪ ਸਿੰਘ (ਲੁਧਿਆਣਾ) ਅਤੇ ਪੰਡਿਤ ਚਿੰਤਾਮਣੀ ਤੋਂ ਸੰਗੀਤ ਸਿੱਖਿਆ ਪ੍ਰਾਪਤ ਕੀਤੀ। ਟਕਸਾਲ ਭਿੰਡਰਾਂ ਵਿਚ ਰਹਿ ਕੇ ਆਪ ਨੇ ਗਿਆਨੀ ਹਰਨੇਕ ਸਿੰਘ ਤੋਂ ਵੱਖ-ਵੱਖ ਗ੍ਰੰਥਾਂ ਦਾ ਅਧਿਐਨ ਕੀਤਾ। ਆਪ ਨੇ ਵੱਖ-ਵੱਖ ਸਥਾਨਾਂ ਤੇ ਜਾ ਕੇ ਵਿਦਿਆਰਥੀਆ ਨੂੰ ਗੁਰਮਤਿ ਸੰਗੀਤ ਹੀ ਸਿਖਾਇਆ ਅਤੇ ਸਿਖਾ ਰਹੇ ਹਨ ਜਿਨ੍ਹਾਂ ਵਿਚੋਂ ਸੰਤ ਬਾਬਾ ਸੰਤੋਖ ਸਿੰਘ ਗੁਰਦੁਆਰਾ ਨਾਨਕਸਰ ਚੀਮਾਂ ਵਿਖੇ ਬਾਬਾ ਖੇਮ ਸਿੰਘ ਭੁੱਚੋ ਵਾਲਿਆਂ ਕੋਲ ਸੇਵਾ ਕਰਦੇ ਰਹੇ। ਪੰਜ ਸਾਲ ਨਾਨਕ ਸਰ ਕਲੇਰਾਂ ਸੰਤ ਦਰਬਾਰਾ ਸਿੰਘ ਲੋਪੋ ਵਾਲਿਆਂ ਦੇ ਗੁਰਮਤਿ ਸੰਗੀਤ ਵਿਦਿਆਲਾ ਵਿਚ ਘਨੌਰੀ ਸੰਗਰੂਰ ਵਿਖੇ ਗੁਰਮਤਿ ਸੰਗੀਤ ਵਿਦਿਆਲੇ ਵਿਚ ਸੰਤ ਬਾਬਾ ਇਕਬਾਲ ਸਿੰਘ ਬੜੂ ਸਾਹਿਬ ਵਾਲਿਆਂ ਦੀ ਸਰਪ੍ਰਸਤੀ ਹੇਠ ਕੁਝ ਸਮਾਂ ਆਪ ਸੰਤ ਅਤਰ ਸਿੰਘ ਹਰੀ ਸਾਧੂ ਆਸ਼ਰਮ ਗੁਰਦੁਆਰਾ ਬੜੂ ਸਾਹਿਬ ਅਤੇ ਅੱਜ ਕੱਲ੍ਹ ਅਕਾਲ ਗੁਰਮਤਿ ਸੰਗੀਤ ਵਿਦਿਆਲਯ ਗੁਰਦੁਆਰਾ ਜਨਮ ਅਸਥਾਨ ਚੀਮਾ ਸਾਹਿਬ

ਵਿਖੇ ਨੌਜਵਾਨ ਵਰਗ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿੱਖਿਆ ਦੇ ਰਹੇ ਹਨ।

ਗੁਰਮਤਿ ਸੰਗੀਤ ਦੇ ਖੇਤਰ ਵਿਚ ਰਾਗੀ ਸੁਰਜੀਤ ਸਿੰਘ ਨੇ ਚਾਰ ਪੁਸਤਕਾਂ ਲਿਖੀਆਂ ਹਨ। ਲੇਖਕ ਦੀ ਪਹਿਲੀ ਪੁਸਤਕ 'ਗੁਰਮਤਿ ਸੰਗੀਤ ਪੱਧਤੀ' ਵਿਚ ਗਉੜੀ ਦੇ ਪਰਕਾਰ, ਦੂਜੀ 'ਰਾਗਮਾਲਾ ਰਤਨਾਕਰ' ਤੇ ਤੀਜੀ 'ਦਸਮ ਗੁਰੂ ਗਿਰਾ ਸੰਗੀਤ ਛੰਦ' ਹੈ। ਇਨ੍ਹਾਂ ਪੁਸਤਕਾਂ ਦਾ ਪ੍ਰਕਾਸ਼ਨ ਕਲਗੀਧਰ ਟਰੱਸਟ ਸੰਤ ਅਤਰ ਸਿੰਘ ਹਰੀ ਸਾਧੂ ਆਸ਼ਰਮ ਗੁਰਦੁਆਰਾ ਬੜੂ ਸਾਹਿਬ ਨੇ ੧੯੯੯ ਅਤੇ ੨000 ਵਿਚ ਕੀਤਾ। ਆਪ ਨੇ ਆਪਣੀ ਪਹਿਲੀ ਪੁਸਤਕ 'ਗੁਰਮਤਿ ਸੰਗੀਤ ਪੱਧਤੀ ਵਿਚ ਗਉੜੀ ਦੇ ਪਰਕਾਰ' ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਗਉੜੀ ਅਤੇ ਉਸ ਦੇ ੧੧ ਪ੍ਰਕਾਰਾਂ ਵਿਚ ੪੬ ਸ਼ਬਦ ਕੀਰਤਨ ਰਚਨਾਵਾਂ ਨੂੰ ਗਉੜੀ ਅਤੇ ਗਉੜੀ ਦੇ ਪ੍ਰਕਾਰਾਂ ਅਧੀਨ ਕੁੱਲ ੧੩ ਰਾਗਾਂ ਵਿਚ ਸੁਰਲਿਪੀ ਬੱਧ ਕੀਤਾ ਹੈ।

ਗੁਰਮਤਿ ਸੰਗੀਤ ਰਚਨਾਕਾਰ ਉਸਤਾਦ ਸੁਰਜੀਤ ਸਿੰਘ ਦੀ ਦੂਜੀ ਪੁਸਤਕ 'ਰਾਗਮਾਲਾ ਰਤਨਾਕਰ' ਵਿਚ ਕੁੱਲ ੩੦ ਸ਼ਬਦ ਕੀਰਤਨ ਰਚਨਾਵਾਂ ਵਖ-ਵਖ ਪ੍ਰਚਲਿਤ ਤੇ ਅਪ੍ਰਚਲਿਤ ਰਾਗਾਂ ਵਿਚ ਸੁਰਲਿਪੀਬਧ ਹਨ ਜਿਨ੍ਹਾਂ ਵਿਚੋਂ ੨੫ ਸ਼ਬਦ ਕੀਰਤਨ ਰਚਨਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀਆਂ, ਦੋ ਭਾਈ ਗੁਰਦਾਸ ਦੀਆ ਵਾਰਾਂ ਤੇ ਸ਼ਬਦ ਅਤੇ ਤਿੰਨ ਕਵਿਤਾਵਾਂ ਦੀਆਂ ਰਚਨਾਵਾਂ ਸ਼ਾਮਿਲ ਹਨ। ਇਸ ਪੁਸਤਕ ਵਿਚਲੀ ਹਰੇਕ ਸ਼ਬਦ ਕੀਰਤਨ ਰਚਨਾ ਨੂੰ ਗੁਲਦਸਤਾ ਸ਼ੈਲੀ ਵਿਚ ਨਿਬੱਧ ਕੀਤਾ ਗਿਆ ਹੈ। ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤਰਗਤ ਦਰਜ ੩੧ ਰਾਗਾਂ ਦੇ ਨਾਮ ਦੀ ਇਕ ਕਵਿਤਾ ਰੂਪੀ ਗੁਲਦਸਤਾ ਅੰਕਿਤ ਕੀਤਾ ਗਿਆ ਹੈ ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਹਿਤ ਉਸਤਾਦ ਸੁਰਜੀਤ ਸਿੰਘ ਨਿਰੰਤਰ ਕਾਰਜਸ਼ੀਲ ਰਹਿੰਦੇ ਹਨ। ਆਪ ਕੋਲੋਂ ਗੁਰਮਤਿ ਸੰਗੀਤ ਦੀ ਸਿਖਿਆ ਪ੍ਰਾਪਤ ਸੈਂਕੜੇ ਵਿਦਿਆਰਥੀ ਦੇਸ਼ਾਂ ਵਿਦੇਸ਼ਾਂ ਵਿਚ ਗੁਰਮਤਿ ਸੰਗੀਤ ਦੀ ਸੇਵਾ ਨਿਭਾ ਰਹੇ ਹਨ। ਆਪ ਦੀਆਂ ਸ਼ਬਦ

ਕੀਰਤਨ ਰਚਨਾਵਾਂ ਪੰਜਾਬੀ ਯੂਨੀਵਰਸਿਟੀ ਵਿਚ ਸਥਾਪਿਤ ਭਾਈ ਰਣਧੀਰ ਸਿੰਘ ਆਨਲਾਈਨ ਗੁਰਮਤਿ ਸੰਗੀਤ ਲਾਇਬਰੇਰੀ ਦੀ ਵੈਬਸਾਈਟ www.gurmatsangeetlibrary.com ਦਾ ਹਿੱਸਾ ਹਨ। ਗੁਰਮਤਿ ਸੰਗੀਤ ਦੇ ਪ੍ਰਮੁੱਖ ਸ਼ਬਦ ਕੀਰਤਨ ਰਚਨਾਕਾਰਾਂ ਵਿਚ ਸ਼ੁਮਾਰ ਉਸਤਾਦ ਸੁਰਜੀਤ ਸਿੰਘ ਆਪਣੇ ਵਿਸ਼ੇਸ਼ ਸੰਗੀਤ ਦੀ ਨਿਰੰਤਰਤਾ ਕਰਕੇ ਸਮੂਹ ਅਧਿਆਪਕਾਂ ਵਿਸ਼ੇਸ਼ ਕਰਕੇ ਨੇਤਰਹੀਣ ਸਿਖਿਆਰਥੀਆਂ ਲਈ ਇਸ ਪ੍ਰੇਰਨਾ ਸਰੋਤ ਹਨ।

ਬਾਨੀ, ਪ੍ਰੋਫੈਸਰ, ਅਤੇ ਮੁਖੀ
ਗੁਰਮਤਿ ਸੰਗੀਤ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਭਾਈ ਦਿਲਬਾਗ਼ ਸਿੰਘ ਗੁਲਬਾਗ਼ ਸਿੰਘ

ਤਾਰਨ ਗੁਜਰਾਲ

ਸੰਨ ੧੯੭੭ ਸੀ ਜਾਂ ੧੯੭੮। ਕਾਨ੍ਹਪੁਰ ਸ਼ਹਿਰ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਪੁਰਬ ਮਨਾਇਆ ਜਾ ਰਿਹਾ ਸੀ। ਸੰਗਤਾਂ ਮੋਤੀ ਝੀਲ ਦੇ ਵਿਸ਼ਾਲ ਪੰਡਾਲਾਂ ਵਿੱਚ ਸਜੀਆਂ ਹੋਈਆਂ ਸਨ। ਦੁਪਹਿਰ ਦੇ ਦੀਵਾਨ ਵਿੱਚ ਸੰਗਤਾਂ ਦਾ ਹੜ੍ਹ ਉਫ਼ਾਨ 'ਤੇ ਸੀ ਜਦੋਂ ਸਟੇਜ ਸੈਕਟਰੀ ਨੇ ਐਲਾਨ ਕੀਤਾ, 'ਕੋਈ ਰਾਗੀ ਸਿੰਘ ਕਲਕੱਤੇ ਤੋਂ ਪੰਜਾਬ ਵਾਪਸੀ 'ਤੇ ਕਾਨ੍ਹਪੁਰ ਦੀਆਂ ਸੰਗਤਾਂ ਦੇ ਦਰਸ਼ਨ ਕਰਨ ਪੁੱਜੇ ਹਨ ਅਤੇ ਹਾਜ਼ਰੀ ਭਰਨੀ ਚਾਹੁੰਦੇ ਹਨ। ਆਪ ਜੀ ਏਸੇ ਤਰ੍ਹਾਂ ਹੋਰ ਪੰਦਰਾਂ ਮਿੰਟ ਸਜੇ ਰਹੋ, ਉਪਰੰਤ ਅਰਦਾਸ ਹੋਵੇਗੀ।'

ਦੋ ਉੱਚੇ-ਲੰਮੇ, ਭਾਰੀ-ਭਰਕਮ, ਸਫ਼ੇਦ ਪਹਿਰਾਵੇ ਵਿੱਚ ਸਜੇ ਨੌਜਵਾਨ ਸਿੰਘ ਹਾਰਮੋਨੀਅਮ 'ਤੇ ਇੱਕ ਬਜ਼ੁਰਗ ਤਬਲੇ 'ਤੇ ਬੈਠ ਗਏ। ਸਾਜ਼ ਸੁਰ ਤਾਲ ਵਿਚ ਕਰਨ ਤੋਂ ਬਾਅਦ ਉਨ੍ਹਾਂ ਭਾਈ ਨੰਦ ਲਾਲ ਜੀ ਦੀ ਲਿਖੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਸਤਤ ਗਾਉਣੀ ਸ਼ੁਰੂ ਕੀਤੀ...

ਨਾਸਿਰੋ ਮਨਸੂਰ ਗੁਰ ਗੋਬਿੰਦ ਸਿੰਘ

ਏਜ਼ਦੀ ਮਨਜ਼ੂਰ ਗੁਰ ਗੋਬਿੰਦ ਸਿੰਘ

ਜਿਵੇਂ ਜੰਗਲ ਵਿੱਚ ਸ਼ੇਰ ਦੀ ਦਹਾੜ, ਜਿਵੇਂ ਸ਼ਾਹ ਕਾਲ਼ੇ ਬੱਦਲਾਂ 'ਚੋਂ ਰਿਮਝਿਮ ਦਾ ਸੁਨੇਹਾ ਦਿੰਦੇ ਸ਼ਾਹ ਕਾਲ਼ੇ ਬੱਦਲ... ਕੱਵਾਲੀ ਸ਼ੈਲੀ ਦੀ ਗਾਇਕੀ ਵਿੱਚ ਗਾਇਆ ਇਹ ਸ਼ਬਦ ਸਰੋਤਿਆਂ ਨੂੰ ਕੀਲ ਕੇ ਰੱਖ ਗਿਆ। ਉਸ ਤੋਂ ਪਿੱਛੋਂ ਦੋ ਸ਼ਬਦ ਰਾਗ ਸਾਰੰਗ ਤੇ ਭੀਮ ਪਲਾਸੀ ਵਿੱਚ ਗਾਏ। ਸ਼ੁੱਧ ਕਲਾਸੀਕਲ, ਚੌਗੁਣ, ਅਠਗੁਣ ਅਤੇ ਸੋਲ਼ਾਂ ਗੁਣੀਆ ਤਾਨਾਂ...ਮੀਂਡ, ਅਲਾਪ ਸਟੇਜ 'ਤੇ ਕੀ ਹੋ ਰਿਹਾ ਸੀ ? ਇਸ ਤੋਂ ਪਹਿਲਾਂ ਤਾਂ ਕਦੀ ਐਸਾ ਜਾਦੂ ਹੋਇਆ ਨਹੀਂ ਸੀ ਕਿ ਅਜਿਹਾ ਕਲਾਸੀਕਲ ਗਾਇਨ ਹੋਵੇ ਤੇ ਭਰੀ ਸੰਗਤ 'ਚੋਂ ਸਾਹ ਦੀ ਆਵਾਜ਼ ਤੱਕ ਨਾ ਆਵੇ।

ਘੰਟਾ ਕੁ ਤਾਂ ਉਹ ਗਾ ਹੀ ਗਏ ਹੋਣਗੇ...ਵਕਤ ਵੇਖਣ ਦੀ ਕਿਸ ਨੂੰ ਲੋੜ ਸੀ ਤੇ ਕਿਸ ਨੂੰ ਵਿਹਲ...ਬਸ ਇੱਕ ਜਾਦੂ ਦੇ ਕੀਲੇ ਹੋਏ ਬੈਠੇ ਸਨ ਸਾਰੀ ਸੰਗਤ ਵਿਚ ਸਰੋਤੇ ਤੇ ਇਹ ਗਾਉਣ ਵਾਲੇ ਜਾਦੂਗਰ ਸਨ...ਭਾਈ ਦਿਲਬਾਗ਼ ਸਿੰਘ-ਗੁਲਬਾਗ਼ ਸਿੰਘ । ਤਬਲੇ 'ਤੇ ਉਨ੍ਹਾਂ ਦੇ ਚਾਚਾ ਜੀ ਅਤੇ ਨਾਲ ਹੀ ਉਨ੍ਹਾਂ ਦੇ ਪਿਤਾ ਜੀ ਸਜੇ ਹੋਏ ਸਨ।

ਵਕਤ ਜਿਵੇਂ ਠਹਿਰ ਗਿਆ ਸੀ...ਲੰਗਰ ਵੱਲ ਜੁੜੀ ਭੀੜ ਵੀ ਕਿਹੜੇ ਵੇਲੇ ਆ ਕੇ ਪੰਡਾਲ ਵਿਚ ਬਹਿ ਗਈ, ਕਿਸੇ ਨੂੰ ਪਤਾ ਨਹੀਂ ਲੱਗਿਆ। ਠਹਿਰਿਆ ਹੋਇਆ ਸਮਾਂ ਸੰਗੀਤ ਦੇ ਠਹਿਰਨ ਨਾਲ ਹਿੱਲਿਆ ਤੇ 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਨੇ ਪੰਡਾਲ ਗੁਜਾਅ ਦਿੱਤਾ।

ਗਗਨ ਪਾਕਿਸਤਾਨੀ, ਜੋ ਪੰਜਾਬੀ ਜਿਗਰਪਾਰੇ ਦੇ ਬਾਨੀ ਤੇ ਉੱਘੇ ਸਾਹਿਤਕਾਰ ਲੇਖਕ ਵੀ ਸਨ...ਪੰਡਾਲ 'ਚੋਂ ਬਾਹਰ ਨਿਕਲ ਆਏ ਤੇ ਇੱਧਰੋਂ ਮੈਂ ਗੇਟ ਵੱਲ ਦੌੜੀ, ਕਿਉਂਕਿ ਉਹ ਕਾਹਲੀ ਨਾਲ ਸਾਜ਼ ਸਮੇਟ ਕੇ ਗੇਟ ਵੱਲ ਵਧ ਰਹੇ ਸਨ। ਮੇਰੇ 'ਤੇ ਐਸਾ ਜਾਦੂ ਤਾਰੀ ਹੋਇਆ ਕਿ ਨਿਰਸੰਕੋਚ ਹੋ ਕੇ ਉਨ੍ਹਾਂ ਦਾ ਰਾਹ ਰੋਕ ਲਿਆ ਅਤੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਮੇਰੇ ਵਰਗੇ ਹੋਰ ਪਾਗ਼ਲ ਵੀ ਇਸ ਸ਼ਹਿਰ ਵਿੱਚ ਰਹਿੰਦੇ ਨੇ, ਜੋ ਤੁਹਾਨੂੰ ਸੁਣਨਾ ਚਾਹੁਣਗੇ, ਜੇ ਅੱਜ ਦੀ ਸ਼ਾਮ ਕੁਝ ਵਕਤ ਤੁਸੀਂ ਸਾਨੂੰ ਦੇ ਸਕੋ...।

ਭਾਈ ਦਿਲਬਾਗ਼ ਸਿੰਘ ਜੀ ਨੇ ਦੋ ਕਦਮ ਅੱਗੇ ਆ ਕੇ ਮੇਰੇ ਪੈਰ ਛੂਹੇ ਤੇ ਕਿਹਾ ਕਿ ਹੁਕਮ ਕਰੋ ਕਿੰਨੇ ਵਜੇ ਕਿੱਥੇ ਪਹੁੰਚਣਾ ਹੈ ?

ਮੈਂ ਉਨ੍ਹਾਂ ਨੂੰ ਆਪਣੇ ਘਰ ਦਾ ਪਤਾ ਦਿੱਤਾ ਅਤੇ ਸ਼ਾਮ ਚਾਰ ਵਜੇ ਆਪਣੇ ਮਿੱਤਰ ਪਿਆਰਿਆਂ ਤੇ ਕਲਾਕਾਰਾਂ ਨੂੰ ਉਨ੍ਹਾਂ ਦੇ ਆਉਣ ਦੀ ਸੂਚਨਾ ਦਿੱਤੀ। ਸ਼ਾਮੀਂ ਗਗਨ ਸਾਹਿਬ, ਜੋ ਕਾਨ੍ਹਪੁਰ ਦੇ ਸਤਿਕਾਰਤ ਸ਼ਹਿਰੀ ਤੇ ਲੇਖਕ ਸਨ, ਪਾਲੀ...ਜਿਸ 'ਤੇ ਵਾਹਿਗੁਰੂ ਦੀ ਉਚੇਚੀ ਬਖ਼ਸ਼ਿਸ਼ ਸੀ। ਐਸਾ ਕਮਾਲ ਦਾ ਗਲਾ ਸੀ ਉਸ ਦਾ ਕਿ ਉਹ ਗਾਇਕੀ ਦੀ ਨਕਲ ਵਿਚ ਆਪਣੇ ਕਮਾਲ ਵਿਖਾ ਦਿੰਦਾ, ਫਿਲਿਪਸ ਰੇਡੀਓ ਦਾ ਮੈਨੇਜਰ ਸਹਿਗਲ, ਜਿਹੜਾ ਸੁਰ ਦਾ ਮਾਰਿਆ ਆਪ ਵੀ ਸੁਰ ਵਿੱਚ ਗਾਉਂਦਾ...ਸੰਤੋਖ ਸਿੰਘ, ਸ਼ਰਮਾ ਜੀ, ਕੁਝ ਸੰਗੀਤ ਕਾਲਜ ਦੀਆਂ ਮੇਰੀਆਂ ਸਹੇਲੀਆਂ ਤੇ ਕਈ ਕਲਾਕਾਰ ਇਕੱਠੇ ਹੋ ਗਏ। ਰਾਤ ਬਾਰਾਂ ਵਜੇ ਤੱਕ

ਸਾਰੇ ਇੱਕ ਮਾਲਾ ਵਿੱਚ ਮਣਕਿਆਂ ਵਾਂਗ ਫਿਰਦੇ ਰਹੇ ਤੇ ਬਣਦੀ-ਸਰਦੀ ਸੇਵਾ ਕਰਕੇ ਸੁਰਾਂ ਨਾਲ ਮਾਲਾਮਾਲ ਕਰਕੇ ਸਭ ਨੂੰ ਵਿਦਾ ਕੀਤਾ।

ਉਸ ਤੋਂ ਪਿੱਛੋਂ ਤਾਂ ਕਾਨ੍ਹਪੁਰ ਦੀਆਂ ਸੰਗਤਾਂ ਉਨ੍ਹਾਂ ਨੂੰ ਗਾਹੇ-ਬਗਾਹੇ ਬੁਲਾਉਂਦੀਆਂ ਹੀ ਰਹੀਆਂ ਅਤੇ ਉਹ ਹਰ ਵਾਰ ਆਉਂਦੇ ਵੀ ਰਹੇ। ਪ੍ਰਬੰਧਕ ਉਨ੍ਹਾਂ ਦੇ ਠਹਿਰਨ ਦਾ ਇੰਤਜ਼ਾਮ ਅਮੀਰ ਕਾਰਖ਼ਾਨੇਦਾਰਾਂ ਦੇ ਘਰ ਕਰਦੇ, ਪਰ ਉਹ ਜੋੜੀਆਂ ਤੇ ਵਾਜੇ ਲੈ ਕੇ ਸਿੱਧਾ ਮੇਰੇ ਘਰ ਪਹੁੰਚ ਜਾਂਦੇ।

ਫਿਰ ਸਾਜ਼ ਖੁੱਲ੍ਹ ਜਾਂਦੇ, ਵਕਤ ਠਹਿਰ ਜਾਂਦਾ ਅਤੇ ਉਹ ਘੰਟਿਆਂ ਬੱਧੀ ਲਗਾਤਾਰ ਗਾਉਂਦੇ। ਮੇਰੀ ਹੋਸ਼ ਜ਼ਮੀਨ ਤੋਂ ਉੱਪਰ ਉਠ ਜਾਂਦੀ ਤੇ ਸੁੱਧ-ਬੁੱਧ ਵਿਸਰ ਜਾਂਦੀ।

ਇੱਕ ਦਿਨ ਵਿਹਲਾ ਸੀ। ਕਿਧਰੇ ਕਿਸੇ ਪ੍ਰੋਗਰਾਮ 'ਤੇ ਜਾਣਾ ਨਹੀਂ ਸੀ। ਸੋ, ਅਸੀਂ ਧੁੱਪ ਵਿਚ ਬੈਠੇ ਸਾਂ ਅਤੇ ਨਿੱਕੀਆਂ-ਵੱਡੀਆਂ ਯਾਦਾਂ ਫਰੋਲ ਰਹੇ ਸਾਂ।

'ਸੁਰ ਦਾ ਸ਼ੌਕ ਕਦੋਂ ਤੇ ਕਿਵੇਂ ਜਾਗਿਆ ਤੇ ਪਹਿਲਾ ਉਸਤਾਦ ਕੌਣ ਸੀ ?

ਮਾਂ ਦੇ ਦੁੱਧ ਤੋਂ ਹੀ ਇਹ ਸੌਗਾਤ ਮੈਨੂੰ ਮਿਲੀ। ਅਸੀਂ ਮਰਦਾਨਾ ਜੀ ਦੀ ਅੰਸ਼ ਵਿਚੋਂ ਹਾਂ। ਮੇਰੇ ਪਿਤਾ ਜੀ ਨੂੰ ਗਾਉਣਾ ਨਹੀਂ ਸੀ ਆਉਂਦਾ। ਉਹ ਤਬਲਾ ਸ਼ੌਕ ਨਾਲ ਵਜਾਉਂਦੇ। ਮੇਰੇ ਨਾਨਾ ਨੰਦ ਜੀ ਸੰਗੀਤ ਦੇ ਮਾਹਰ ਸਨ ਤੇ ਗੁਰੂ ਦੇ ਕੀਰਤਨੀਏ ਸਨ। ਉਹ ਬਹੁਤਾ ਸਾਡੇ ਕੋਲ ਹੀ ਰਹਿੰਦੇ।

ਮੈਂ ਬਾਰਾਂ ਸਾਲ ਦਾ ਸਾਂ, ਜਦੋਂ ਉਨ੍ਹਾਂ ਨੂੰ ਗਾਉਂਦਿਆਂ ਸੁਣ ਕੇ ਅੰਦਰੋਂ ਸੁਰ ਜਾਗੀ ਤੇ ਮੈਂ ਉਨ੍ਹਾਂ ਨਾਲ ਬਹਿਣਾ ਸ਼ੁਰੂ ਕਰ ਦਿੱਤਾ। ਹੌਲ਼ੀ-ਹੌਲ਼ੀ ਉਨ੍ਹਾਂ ਮੈਨੂੰ ਬਕਾਇਦਾ ਸਿੱਖਿਆ ਦੇਣੀ ਸ਼ੁਰੂ ਕਰ ਦਿੱਤੀ, ਪਰ ਮੇਰੇ ਵਿੱਚ ਬਚਪਨਾ ਸੀ ਅਤੇ ਉਹ ਮੈਨੂੰ ਟੋਕਦੇ ਨਹੀਂ ਸਨ, ਨਾ ਹੀ ਕਦੀ ਮਾਰਦੇ-ਕੁੱਟਦੇ ਸਨ। ਸੋ, ਲਾਡ-ਲਾਡ ਵਿਚ ਕੁਝ ਸਿੱਖ ਨਹੀਂ ਸਕਿਆ। ਹਾਲੀਂ ਦਸਵੀਂ ਵਿੱਚ ਹੀ ਪੜ੍ਹਦਾ ਸਾਂ ਕਿ ਨਾਨਾ ਜੀ ਦਸੂਹੇ ਪੰਡਤ ਬਾਊ ਰਾਮ ਜੀ ਪਾਸ ਸੰਗੀਤ ਵਿੱਦਿਆ ਸਿੱਖਣ ਲਈ ਛੱਡ ਆਏ ਕਿ ਇਸ ਨੂੰ ਸਖ਼ਤੀ ਨਾਲ ਸੰਗੀਤ ਸਿਖਾਇਆ ਜਾਵੇ।'

ਐਨਾ ਕੋਮਲ ਹੁਨਰ ਤੇ ਸਖ਼ਤੀ ?

'ਕਲਾ ਤਾਂ ਕੋਮਲ ਠੀਕ ਹੈ, ਪਰ ਬਚਪਨਾ ਸੀ ਤੇ ਇਹ ਹੁਨਰ ਤਾਂ ਸਾਰਾ ਹਿਸਾਬ ਗਿਣਤੀਆਂ ਦਾ ਸੀ।'

ਸੁਣੀਂਦਾ ਸੀ ਕਿ ਉਸਤਾਦ ਚਿਲਮਾਂ ਭਰਵਾਉਂਦੇ ਤੇ ਮੁੱਠੀ-ਚਾਪੀ ਕਰਵਾਉਂਦੇ ਸਨ...ਕੀ ਤੁਸੀਂ ਵੀ ਇੰਞ ਕਰਦੇ ਹੋ ?

'ਬਿਨਾਂ ਖ਼ਿਦਮਤ ਦੇ ਕੰਮ ਬਣਦਾ ਨਹੀਂ। ਮੈਂ ਰੋਜ਼ ਉਨ੍ਹਾਂ ਦੇ ਜਾਣਾ, ਭਾਂਡੇ ਮਾਂਜਣੇ ਝਾੜੂ ਬੁਹਾਰੀ ਕਰਨੀ ਤੇ ਕੱਪੜੇ ਧੋਣੇ, ਪਰ ਕਦੀ ਮੂੰਹ ਖੋਲ੍ਹ ਕੇ ਕਹਿ ਨਹੀਂ ਸਕਿਆ ਕਿ ਫਲਾਣਾ ਰਾਗ ਸਿਖਾਓ। ਜਦੋਂ ਉਨ੍ਹਾਂ ਦੀ ਮੌਜ ਹੁੰਦੀ ਸਿਖਾਉਂਦੇ। ਦੋ-ਤਿੰਨ ਸਾਲਾਂ ਵਿੱਚ ਉਨ੍ਹਾਂ ਸਿਰਫ਼ ਦੋ-ਤਿੰਨ ਬੰਦਿਸ਼ਾਂ ਹੀ ਸਿਖਾਈਆਂ, ਪਰ

ਉਨ੍ਹਾਂ ਕੋਲ ਬਹਿਣ ਤੇ ਸੇਵਾ ਕਰਨ ਨਾਲ ਹੀ ਬਹੁਤ ਕੁਝ ਲੱਭ ਲਿਆ। ਕੁਝ ਘਰ ਦੇ ਹਾਲਾਤ ਐਸੇ ਸਨ ਕਿ ਏਨੇ ਫਨ ਚੋਂ ਰੋਟੀ ਕਮਾਉਣ ਲਈ ਹੋਰ ਬਹੁਤੀ ਮੁਸ਼ੱਕਤ ਸ਼ੁਰੂ ਕਰ ਦਿੱਤੀ।

ਪਹਿਲਾਂ ਨਾਨਾ ਜੀ ਨਾਲ ਕੀਰਤਨ 'ਤੇ ਬਹਿੰਦੇ ਰਹੇ, ਪਰ ਨਾਲ ਕਲਾਸੀਕਲ ਦਾ ਸ਼ੌਕ ਹੋਣ ਕਰਕੇ ਰਿਆਜ਼ ਵੀ ਜਾਰੀ ਰਿਹਾ। ਕਲਾਸੀਕਲ ਦਾ ਪਹਿਲਾ ਪ੍ਰਦਰਸ਼ਨ ਹੁਸ਼ਿਆਰਪੁਰ ਬਾਬਾ ਭੰਡਾਰੀ ਜੀ ਦੇ ਮੇਲੇ 'ਤੇ ਬਸੰਤ ਪੰਚਮੀ ਵਾਲੇ ਦਿਨ ਹੋਇਆ। ਬਹੁਤ ਭਾਰੀ ਇਕੱਠ ਸੀ ਅਤੇ ਭਾਰਤ ਭਰ ਚੋਂ ਚੋਟੀ ਦੇ ਗਾਇਕ ਕਲਾਕਾਰ ਪਹੁੰਚੇ ਹੋਏ ਸਨ। ਉਨ੍ਹਾਂ ਵਿੱਚ ਸਲਾਮਤ ਨਜ਼ਾਕਤ, ਠਾਕੁਰ ਉਂਕਾਰ ਨਾਥ, ਪਟਵਰਧਨ ਤੇ ਹੋਰ ਕਈ ਉੱਚਕੋਟੀ ਦੇ ਗਾਇਕ ਸਨ। ਮੇਰਾ ਪਹਿਲਾ ਪ੍ਰੋਗਰਾਮ ਹੀ ਬਹੁਤ ਸਲਾਹਿਆ ਗਿਆ ਤੇ ਹੌਸਲਾ ਵਧਿਆ।

ਉਸ ਤੋਂ ਪਿੱਛੋਂ ਛੋਟੇ-ਮੋਟੇ ਪ੍ਰੋਗਰਾਮਾਂ ਤੋਂ ਇਲਾਵਾ ਮੈਂ ਗੜ੍ਹਦੀਵਾਲਾ ਸੰਗੀਤ ਦੀ ਮਹਿਫ਼ਲ ਵਿਚ ਗਾਇਆ। ਇਸ ਵਿੱਚ ਪੰਜਾਬ ਦੇ ਨਾਮੀ ਗਾਇਕ ਮਾਸਟਰ ਰਤਨ ਤੇ ਸਤਪਾਲ ਅਪਰਾ ਵੀ ਸ਼ਾਮਲ ਸਨ। ਉਸ ਵੇਲੇ ਤੱਕ ਮੈਂ ਚੰਗਾ ਗਾ ਸਕਦਾ ਸਾਂ ਅਤੇ ਸ਼ੁਹਰਤ ਦੀ ਹਵਾ ਇਲਾਕੇ ਵਿੱਚ ਫੈਲ ਰਹੀ ਸੀ। ਨਾਨਾ ਜੀ ਬਹੁਤ ਖ਼ੁਸ਼ ਸਨ ਤੇ ਅਸੀਸਾਂ ਚੋਂ ਹੀ ਉਨ੍ਹਾਂ ਅਲਵਿਦਾ ਲੈ ਲਈ। ਇਸ ਤੋਂ ਪਿੱਛੋਂ ਮੈਂ ਇਕੱਲਿਆਂ ਹੀ ਕੀਰਤਨ ਕਰਨਾ ਸ਼ੁਰੂ ਕਰ ਦਿਤਾ।

ਐਹੋ ਜਿਹੀ ਕੋਮਲ ਕਲਾ ਸਾਂਭਣ ਵਾਲਾ ਦਿਲ ਸਾਰੀ ਹਯਾਤੀ ਮਾਰੂਥਲ ਹੀ ਲੰਘਦਾ ਰਿਹਾ... ਬਹੁਤ ਹੀ ਘੱਟ ਕੋਈ ਹਰਿਆ ਟੋਟਾ ਵੇਖਿਆ। ਰੋਟੀ ਦਾ ਫ਼ਿਕਰ ਸੀ। ਇਸ਼ਕ ਵੀ ਮੇਰਾ ਸੁਰ ਨਾਲ ਹੀ ਹੋਇਆ, ਉਹ ਵੀ ਵਿਹਲ ਨਹੀਂ ਸੀ ਦਿੰਦਾ, ਫਿਰ ਵੀ ਦੁਨਿਆਵੀ ਵਿਆਹ ਕੀਤਾ ਤੇ ਬੱਚੇ ਵੀ, ਤਿੰਨ ਬੀਬੀਆਂ ਤੇ ਇਕ ਕਾਕਾ ਹੈ।

ਮੇਰੀ ਸਾਥਣ ਪਹਿਲਾਂ ਸਖ਼ਤ  ਤਬੀਅਤ ਸੀ ਅਤੇ ਬਹੁਤ ਕਿ ਹਰ ਵੇਲੇ ਕੀ ਹਾਅ...ਹਾਅ ਕਰਦਾ ਰਹਿੰਦਾ ਹੈਂ, ਪਰ ਬਾਅਦ ਵਿਚ ਸਮਝ ਗਈ ਕਿ ਹੁਣ ਸਭ ਠੀਕ ਹੈ।

ਅਸੀਂ ਕਈ ਕੰਪੀਟੀਸ਼ਨ ਜਿੱਤ ਚੁੱਕੇ ਹਾਂ। ਪਹਿਲਾ ੧੯੭੪ ਵਿਚ ਮੰਜੀ ਸਾਹਿਬ, ਅੰਮ੍ਰਿਤਸਰ ਵਿਚ ਹੋਇਆ, ਜਿਸ ਵਿਚ ੩੦ ਜਥਿਆਂ ਨੇ ਹਿੱਸਾ ਲਿਆ। ਰਾਗ ਕੇਦਾਰ ਗਾਉਣਾ ਸੀ। ਜੱਜ ਸਨ ਪ੍ਰੋਫ਼ੈਸਰ ਰਾਜਿੰਦਰ ਸਿੰਘ, ਭਾਈ ਅਰੁਦਮਨ ਸਿੰਘ ਬਾਗੜੀਆ, ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੇ ਸਿੰਘ ਸਾਹਿਬ ਗਿਆਨੀ ਪ੍ਰਿਤਪਾਲ ਸਿੰਘ ਜੀ ਵੀ ਸਨ।

ਉਸ ਵੇਲੇ ਅਸੀਂ ਕੱਚੀ ਜਿਹੀ ਕੋਠੜੀ ਵਿੱਚ ਰਹਿੰਦੇ ਸਾਂ ਅਤੇ ਬੋਰੀ 'ਤੇ ਬਹਿ ਕੇ ਰਿਆਜ਼ ਕਰਦੇ ਸਾਂ। ਉਦੋਂ ਹੀ ਇਕ ਦਿਨ ਰਿਆਜ਼ ਕਰ ਰਹੇ ਸਾਂ ਤਾਂ ਪਿੰਡ ਦਾ ਐਮ.ਐਲ.ਏ. ਸਤਪਾਲ ਸਿੰਘ ਆਜ਼ਾਦ ਵਧਾਈ ਦੇਣ ਆਇਆ ਤਾਂ ਉਹ ਹੈਰਾਨ

ਰਹਿ ਗਿਆ ਕਿ ਇਸ ਤਰ੍ਹਾਂ ਦਾ ਹਾਲ ਹੈ, ਸਾਡੇ ਕਲਾਕਾਰਾਂ ਦਾ? ਉਂਝ ਤਾਂ ਰੰਧਾਵਾ ਜੀ ਦਾ ਘਰ ਵੀ ਸਾਡੀ ਗਲੀ ਵਿੱਚ ਹੀ ਸੀ, ਭਾਵੇਂ ਉਹ ਉੱਥੇ ਰਹਿੰਦੇ ਘੱਟ ਹੀ ਸਨ।

ਹੌਲ਼ੀ-ਹੌਲ਼ੀ ਸਾਡੀ ਸ਼ੋਹਰਤ ਵਧਦੀ ਹੀ ਗਈ।

ਦਿਲਬਾਗ਼ ਸਿੰਘ ਹਾਲੀਂ ਅੱਠਵੀਂ ਵਿੱਚ ਹੀ ਪੜ੍ਹਦੇ ਸਨ, ਜਦੋਂ ਮੇਰੇ ਨਾਲ ਬਹਿਣਾ ਸ਼ੁਰੂ ਕਰ ਦਿੱਤਾ। ਸੂਝ ਐਨੀ ਤਿੱਖੀ ਸੀ ਕਿ ਸਿਰਫ਼ ਮੈਨੂੰ ਸੁਣ-ਸੁਣ ਕੇ ਹੀ ਬਹੁਤ ਛੇਤੀ ਗਾਉਣ ਲੱਗ ਪਏ। ਪਹਿਲਾਂ ਤਾਂ ਮੈਂ ਇਸ ਆਵਾਜ਼ ਦਾ ਆਸਰਾ ਮਹਿਸੂਸ ਕਰਦਾ ਸਾਂ, ਪਰ ਹੁਣ ਇਹ ਮੇਰੀ ਆਵਾਜ਼ ਦਾ ਹਿੱਸਾ ਬਣ ਚੁੱਕੀ ਹੈ।

ਉਸ ਤੋਂ ਪਿੱਛੋਂ ੧੯੭੫ ਵਿੱਚ ਅਸੀਂ ਅਨੰਦਪੁਰ ਸਾਹਿਬ ਹੋਲੇ ਮਹੱਲੇ 'ਤੇ ਕੀਰਤਨ ਦਰਬਾਰ ਲਈ ਤਿਆਰ ਹੋ ਗਏ, ਪਰ ਉੱਥੇ ਕੁਝ ਰਾਗੀ ਸਿੰਘਾਂ ਨੇ ਇਤਰਾਜ਼ ਕੀਤਾ ਕਿ ਇਹ ਅੰਮ੍ਰਿਤਧਾਰੀ ਤੇ ਕੇਸਾਧਾਰੀ ਨਹੀਂ। ਇਨ੍ਹਾਂ ਨੂੰ ਕੀਰਤਨ ਕਰਨ ਦੀ ਇਜਾਜ਼ਤ ਨਾ ਦਿੱਤੀ ਜਾਵੇ।

ਅਸੀਂ ਗੁਰੂ 'ਤੇ ਸਿਦਕ ਰੱਖਣ ਵਾਲੇ ਤੇ ਗੁਰਬਾਣੀ ਰਾਗ ਦੇ ਦੀਵਾਨੇ ਸਾਂ। ਸੋ, ਇਕਦਮ ਅੰਮ੍ਰਿਤਪਾਨ ਕਰਨ ਦਾ ਫ਼ੈਸਲਾ ਕਰ ਲਿਆ। ਬੇੜਾ ਤਿਆਰ ਸੀ...ਸੈਂਕੜੇ ਲੋਕੀਂ ਅੰਮ੍ਰਿਤਪਾਨ ਕਰ ਰਹੇ ਸਨ। ਅਸੀਂ ਦੋਵੇਂ ਭਰਾ ਅਤੇ ਪਿਤਾ

ਜੀ (ਭਾਈ ਬੂਟਾ ਜੀ) ਵੀ ਸਾਡੇ ਨਾਲ ਸ਼ਾਮਲ ਹੋ ਗਏ ਅਤੇ ਅਸੀਂ ਇਸ ਬੇੜੇ 'ਤੇ ਸਵਾਰ ਹੋ ਗਏ।

ਉਸ ਰਾਤ ਅਸਾਂ ਉਸੇ ਦਸਮੇਸ਼ ਪਾਤਸ਼ਾਹ ਦਾ ਅੰਮ੍ਰਿਤਪਾਨ ਕਰਕੇ ਤੇ ਸਿੰਘ ਸਜ ਕੇ ਐਸਾ ਕੀਰਤਨ ਕੀਤਾ ਕਿ ਬਖ਼ਸ਼ਿਸ਼ਾਂ ਨਾਲ ਲੱਦੇ ਗਏ। ਉਸ ਰਾਤ ਅਸਾਂ ਰਾਗ ਬਸੰਤ ਗਾਇਆ।

ਸੰਨ ੧੯੭੮ ਵਿੱਚ ਰੇਡੀਓ ਔਡੀਸ਼ਨ ਪਾਸ ਕਰਕੇ ਅਸੀਂ ਅਕਸਰ ਜਲੰਧਰ, ਦਿੱਲੀ ਤੇ ਲਖਨਊ ਤੋਂ ਪ੍ਰੋਗਰਾਮ ਦਿੰਦੇ ਰਹੇ ਹਾਂ। ਦਿੱਲੀ ਤੋਂ ਟੀ.ਵੀ. 'ਤੇ ਵੀ ਪ੍ਰੋਗਰਾਮ ਦਿੱਤੇ ਨੇ। ਐਹ ਤੁਹਾਡੇ ਸਾਹਮਣੇ ਹੀ ਅਵਧ ਬਿਹਾਰੀ ਮੰਦਰ ਵੱਲੋਂ ਹਰ ਸਾਲ ਹੁੰਦੀ ਉੱਚਪਾਏ ਦੀ ਸੰਗੀਤ ਕਾਨਫਰੰਸ ਵਿੱਚ ਵੀ ਹਿੱਸਾ ਲਿਆ ਅਤੇ ਪਹਿਲੇ ਨੰਬਰ 'ਤੇ ਆਏ ਹਾਂ। ੧੯੮੦-੮੧ ਵਿੱਚ ਹਰਵੱਲਭ ਮੇਲੇ ਵਿੱਚ ਗਾਇਆ ਅਤੇ ਚੰਗਾ ਨਾਮਣਾ ਖੱਟਿਆ...ਉਥੋਂ ਦੇ ਸੁਣਨ ਵਾਲੇ ਤਾਂ ਆਮ ਆਦਮੀ ਅਤੇ ਜੱਟ ਬੂਟ ਵੀ ਐਨੇ ਸੁਰ ਦੇ ਪੱਕੇ ਨੇ ਕਿ ਜ਼ਰਾ ਵੀ ਸੁਰ ਖਿੜਕਣ 'ਤੇ ਪਾਥੀਆਂ ਸਟੇਜ 'ਤੇ ਸੁੱਟਦੇ ਨੇ, ਪਿੰਡਾਂ ਦੇ ਸਿੱਧੇ-ਸਾਦੇ ਲੋਕ ਵੀ ਜਿਵੇਂ ਸੰਗੀਤ ਦੇ ਪੰਡਤ ਨੇ। ਅਸੀਂ ਕਈ ਸ਼ਹਿਰਾਂ ਤੇ ਪਿੰਡਾਂ ਵਿੱਚ ਕਲਾਸੀਕਲ ਗਾ ਚੁੱਕੇ ਹਾਂ।

ਉਹ ਸਵੇਰ ਤੋਂ ਸ਼ਾਮ ਵੱਧ ਤੋਂ ਵੱਧ ਸਮਾਂ ਰਿਆਜ਼ ਨੂੰ ਦਿੰਦੇ ਨੇ। ਫੁੱਟਬਾਲ ਦੇ ਦੀਵਾਨੇ ਨੇ। ਸਵੇਰੇ-ਸ਼ਾਮ ਖੇਡ ਕੇ, ਮਿੱਟੀ ਤੇ ਪਸੀਨੇ ਨਾਲ ਲੱਥ-ਪੱਥ ਰਿਆਜ਼ ਕਰਨ ਬਹਿ ਜਾਂਦੇ ਨੇ। ਰੋਟੀ ਭਾਵੇਂ ਖੁੰਝ ਜਾਵੇ, ਰਿਆਜ਼ ਨਹੀਂ ਖੁੰਝਾਉਂਦੇ।

ਉਸ ਵੇਲੇ ਤੱਕ ਉਹ ਬਲਬੀਰ ਸੇਠ ਤੋਂ ਸਿੱਖਿਆ ਲੈ ਰਹੇ ਸਨ। ਕਈ ਨਵੇਂ ਰਾਗ ਉਨ੍ਹਾਂ ਨੇ ਇਨ੍ਹਾਂ ਨੂੰ ਸਿਖਾਏ। ਇਹ ਅਕਸਰ ਉਨ੍ਹਾਂ ਕੋਲ ਜਲੰਧਰ ਜਾਂਦੇ ਰਹਿੰਦੇ।

ਮੇਰੇ ਪੁੱਛਣ 'ਤੇ ਕਿ ਉਨ੍ਹਾਂ ਦੇ ਪਸੰਦੀਦਾ ਗਾਇਕ ਕਿਹੜੇ ਨੇ...ਉਨ੍ਹਾਂ ਪਟਿਆਲੇ ਵਾਲੇ ਅਮਾਨਤ ਅਲੀ, ਨਜ਼ਾਕਤ ਸਲਾਮਤ, ਬੜੇ ਗ਼ੁਲਾਮ ਅਲੀ, ਕੁਮਾਰ ਗੰਧਰਵ ਤੇ ਭੀਮ ਸੈਨ ਜੋਸ਼ੀ ਜੀ ਦਾ ਨਾਂ ਲਿਆ।

ਅਸਾਂ ਹਾਲੀ ਹੋਰ ਬਹੁਤ ਦੂਰ ਜਾਣਾ ਹੈ। ਅਸੀਂ ਇਸ ਵਿੱਦਿਆ ਵਿਚ ਡੁੱਬਣਾ ਚਾਹੁੰਦੇ ਹਾਂ। ਖ਼ਿਆਲ ਤੋਂ ਇਲਾਵਾ ਗ਼ਜ਼ਲਾਂ ਤੇ ਕੱਵਾਲੀਆਂ ਵੀ ਗਾ ਰਹੇ ਹਾਂ, ਪਰ ਜੋ ਰਾਹਤ ਤੇ ਆਨੰਦ ਕੀਰਤਨ ਚੋਂ ਮਿਲਦਾ ਹੈ, ਹੋਰ ਕਿਧਰੇ ਨਹੀਂ। ਹੁਣ ਤਾਂ ਅਸੀਂ ਕੀਰਤਨ ਦਾ ਆਸਰਾ ਲੈ ਕੇ ਹੀ ਕਲਾਸੀਕਲ ਗਾਉਣ ਦਾ ਵਿਚਾਰ ਰੱਖਦੇ ਹਾਂ, ਅੱਗੋਂ ਜਿਵੇਂ ਸਤਿਗੁਰੂ ਜੀ ਨੂੰ ਭਾਵੇ।

ਉਹ ਜ਼ਿਆਦਾ ਕੱਵਾਲੀ ਰੰਗ ਵਿਚ ਗਾਉਂਦੇ। ਰਾਗਾਂ ਦੀ ਮਾਲਾ ਤਾਂ ਉਹ ਸਿਮਰਨੇ ਵਾਂਗ ਫੇਰਦੇ। ਦੋ ਗੁਨ, ਚਾਰਗੁਨ, ਅੱਠਗੁਨ, ਸੋਲ੍ਹਾਂਗੁਨ ਤਾਨਾਂ ਉਹ ਖਿੱਚਦੇ, ਮੀਂਡ ਨਾਲ ਉੱਤੋਂ ਥੱਲੇ ਵੱਲ ਸਰਕਦੇ ਅਦਭੁੱਤ ਸਮਾਂ ਬੰਨ੍ਹਦੇ...ਕਮਾਲ ਹੀ

ਕਮਾਲ ਕਰੀ ਜਾਂਦੇ। ਉਨ੍ਹਾਂ ਨੂੰ ਗਾਉਂਦਿਆਂ ਸੁੱਧ-ਬੁੱਧ ਨਾ ਰਹਿੰਦੀ। ਪਸੀਨੇ ਨਾਲ ਤਰ-ਬਤਰ ਹੋ ਜਾਂਦੇ। ਭੈਰਵੀ ਗਾਉਂਦਿਆਂ ਉਨ੍ਹਾਂ ਦੀਆਂ ਅੱਖਾਂ ਵਹੀ ਜਾਂਦੀਆਂ।

ਉਂਞ ਦਿਲਬਾਗ਼ ਸਿੰਘ ਜੀ ਬੋਲਦਿਆਂ ਥਥਲਾਅ ਜਾਂਦੇ ਸਨ, ਪਰ ਮਜ਼ਾਲ ਹੈ ਕਿ ਗਾਉਂਦਿਆਂ ਕਦੀ ਇਹ ਨੁਕਸ ਸਾਹਮਣੇ ਆਇਆ ਹੋਵੇ। ਤਾਨ ਐਸੀ ਦਾਣੇਦਾਰ ਲੈਂਦੇ ਕਿ ਸਰੋਤੇ ਕੀਲੇ ਜਾਂਦੇ।

ਰਿਆਜ਼ ਦੇ ਆਖ਼ਰੀ ਦੌਰ ਤੱਕ ਮੈਂ ਕੜਾਹੀ ਭਰ ਕੇ ਗਰਮ-ਗਰਮ ਪ੍ਰਸਾਦਿ ਤਿਆਰ ਕੀਤਾ ਹੁੰਦਾ ਤੇ ਉਹ ਰੱਜ-ਰੱਜ ਕੇ ਖਾਂਦੇ।

ਬਾਹਰ ਰੋਟੀ ਖਾਣੀ ਉਹ ਘੱਟ ਹੀ ਪਸੰਦ ਕਰਦੇ, ਪਰ ਲੋਕੀਂ ਹੀ ਨਹੀਂ ਸਨ ਛੱਡਦੇ। ਖਾ ਕੇ ਆਉਂਦੇ ਤਾਂ ਕਈ ਵਾਰ ਆਖਦੇ, ਆਪ ਮੀਟ-ਮੁਰਗੇ ਖਾਂਦੇ ਨੇ ਤੇ ਸਾਨੂੰ ਮਾਂਹ ਦੀ ਦਾਲ ਤੇ ਪਨੀਰ ਖੁਆਉਂਦੇ ਨੇ...ਸਾਡਾ ਤਾਂ ਮੂੰਹ ਕੌੜਾ ਹੋ ਗਿਐ ਤੇ ਬਦਹਜ਼ਮੀ ਹੋ ਗਈ ਹੈ, ਇਹ ਸਭ ਖਾ ਕੇ। ਭੈਣ ਜੀ ਮੈਂ ਜਾ ਰਿਹਾਂ ਮੀਟ ਲਿਆਉਣ, ਉਨੀ ਦੇਰ ਵਿਚ ਤੁਸੀਂ ਮਸਾਲਾ ਤਿਆਰ ਕਰੋ।'

ਬਸ ਜੀ, ਮਸਾਲੇ ਦੀ ਕੀ ਮਜਾਲ ਜੋ ਤਿਆਰ ਨਾ ਹੁੰਦਾ। ਉਨ੍ਹਾਂ ਦੇ ਪਿਤਾ ਜੀ ਤੇ ਚਾਚਾ ਜੀ ਲਸਣ ਛਿੱਲਦੇ, ਗੁਲਬਾਗ਼ ਹੋਰੀਂ ਪਿਆਜ਼ ਕੱਟਦੇ, ਅਧਰਕ ਛਿੱਲਦੇ ਅਤੇ ਮਿੰਟਾਂ ਵਿੱਚ ਰਸੋਈ ਚੋਂ ਖ਼ੁਸ਼ਬੋਈਆਂ ਉਡਣ ਲੱਗਦੀਆਂ। ਵਾਹਿਗੁਰੂ

ਦੀ ਕ੍ਰਿਪਾ ਨਾਲ ਸ਼ੇਰਾਂ ਵਰਗੇ ਜੁਆਨ ਰੋਟੀਆਂ ਗਿਣ ਕੇ ਥੋੜ੍ਹਾ ਹੀ ਖਾਂਦੇ, ਮੈਨੂੰ ਘੱਟ ਹੀ ਪਕਾਉਣ ਦੇਂਦੇ, ਸਗੋਂ ਤੰਦੂਰ ਤੋਂ ਚੋਖੀਆਂ ਲੈ ਆਉਂਦੇ। ਖਾਣ ਵੇਲੇ ਤੱਕ ਹੋਰ ਖਵੱਈਏ ਵੀ ਆ ਜਾਂਦੇ। ਹੱਸੀ ਜਾਂਦੇ ਤੇ ਖਾਈ ਜਾਂਦੇ। ਮੈਂ ਉੱਡੀ ਫਿਰਦੀ ਕਿ ਮੇਰੇ ਪਿਆਰੇ ਗੁਰੂ ਦੇ ਲਾਡਲੇ ਮਹਿਮਾਨ ਮੇਰਾ ਘਰ ਰੌਣਕਾਂ ਨਾਲ ਭਰ ਦਿੰਦੇ।

ਸਵੇਰੇ ਹਾਲੀਂ ਮਸਾਂ ਨਹਾ-ਧੋ ਕੇ ਪੱਗਾਂ ਸਜਾ ਹੀ ਰਹੇ ਹੁੰਦੇ ਕਿ ਉਨ੍ਹਾਂ ਨਾਲ ਸੰਗਤ ਕਰਨ ਲਈ ਬੰਸਰੀ ਵਾਦਕ, ਤਬਲਾ ਤੇ ਸਾਰੰਗੀ ਵਾਦਕ ਵੀ ਪਹੁੰਚ ਜਾਂਦੇ ਤੇ ਬਾਰੀਆਂ ਬੰਨ੍ਹ ਕੇ ਸੰਗਤ ਕਰਦੇ।

ਇੱਕ ਵਾਰ ਮੇਰੇ ਸੰਗੀਤ ਦੇ ਉਸਤਾਦ ਤੇ ਕਾਨ੍ਹਪੁਰ ਦੇ ਸੰਗੀਤ ਵਿਦਿਆਲੇ ਦੇ ਪ੍ਰਿੰਸੀਪਲ ਸ੍ਰੀ ਗੰਗਾਧਰ ਰਾਓ ਤੈਲੰਗ ਜੀ ਭਾਈ ਸਾਹਿਬ ਦਾ ਰਾਤ ਦਾ ਪ੍ਰੋਗਰਾਮ ਸੁਣਨ ਸ੍ਰੀ ਕਾਂਸ਼ੀ ਨਾਥ ਬੋਡਸ ਜੀ ਨਾਲ ਆਏ ਜੋ ਮੇਰੇ ਉਸਤਾਦ ਵੀ ਸਨ। ਉਨ੍ਹਾਂ ਸੰਗੀਤ ਕਾਲਜ ਵਿਚ ਉਨ੍ਹਾਂ ਦਾ ਉਚੇਚਾ ਪ੍ਰੋਗਰਾਮ ਰਖਵਾਇਆ। ਅਖ਼ਬਾਰ ਦੀਆਂ ਖ਼ਬਰਾਂ ਪੜ੍ਹ ਕੇ ਕਈ ਹੋਰ ਕਾਲਜਾਂ ਨੇ ਉਨ੍ਹਾਂ ਨੂੰ ਬੁਲਾ ਕੇ ਸੁਣਿਆ ਤੇ ਬਣਦਾ ਮਾਣ-ਸਤਿਕਾਰ ਵੀ ਦਿੱਤਾ। ਉਹ ਹੈਰਾਨ ਸਨ ਕਿ ਸਿੱਖ ਵੀ ਉੱਚਕੋਟੀ ਦਾ ਕਲਾਸੀਕਲ ਗਾ ਸਕਦੇ ਹਨ।

ਕਾਨ੍ਹਪੁਰ ਦੀ ਇੱਕ ਬਹੁਤ ਮਸ਼ਹੂਰ ਸੰਸਥਾ ਹੈ ਜੋ ਹਰ ਸਾਲ ਜਨਮ ਅਸ਼ਟਮੀ ਤੇ ਚਾਰ ਰਾਤਾਂ ਦਾ ਪ੍ਰੋਗਰਾਮ ਕਰਾਉਂਦੀ ਹੈ। ਉਸ ਵਿੱਚ ਭਾਰਤ ਦੇ ਚੋਟੀ ਦੇ

ਗਾਇਨ, ਵਾਦਨ, ਨ੍ਰਿਤ ਤੇ ਨਾਟਕ ਦੇ ਕਲਾਕਾਰ ਬੁਲਾਏ ਜਾਂਦੇ ਹਨ। ਸੁਣਨ ਵਾਲੇ ਵੀ ਦੂਰ-ਦੂਰ ਤੋਂ ਆਉਂਦੇ ਨੇ ਤੇ ਸਾਰੀ ਰਾਤ ਮੇਲੇ ਵਰਗਾ ਮਾਹੌਲ ਹੁੰਦਾ ਹੈ।

ਉਥੋਂ ਦੇ ਪ੍ਰਬੰਧਕਾਂ ਨੇ ਵੀ ਭਾਈ ਸਾਹਿਬ ਦੇ ਜਥੇ ਦੀ ਸੋਭਾ ਸੁਣੀ ਤਾਂ ਉਨ੍ਹਾਂ ਨੂੰ ਏਸ ਪ੍ਰੋਗਰਾਮ ਵਿਚ ਆਉਣ ਦਾ ਸੱਦਾ ਦਿੱਤਾ।

ਰਾਤ ਢਾਈ-ਤਿੰਨ ਵਜੇ ਦੇ ਕਰੀਬ ਹੀ ਭਾਈ ਸਾਹਿਬ ਦੇ ਗਾਉਣ ਦਾ ਵਕਤ ਤੈਅ ਕੀਤਾ ਗਿਆ। ਐਸਾ ਵਕਤ, ਜਿਸ ਵੇਲੇ ਨੀਂਦ ਆਪਣੇ ਖਟੋਲਿਆਂ 'ਤੇ ਝੂਟੇ ਦੇਣਾ ਚਾਹ ਰਹੀ ਹੁੰਦੀ ਹੈ...ਪ ਕਮਾਲ ਕਿ ਸਾਰਾ ਹਾਲ ਤੇ ਬਾਹਰ ਦਾ ਸਾਰਾ ਬਾਗ ਲੋਕਾਂ ਨਾਲ ਇੰਝ ਭਰਿਆ ਤੇ ਸੁੰਨ ਹੋ ਗਿਆ, ਜਿਵੇਂ ਅਨਹਦ ਨਾਦ ਉੱਤੋਂ ਉਤਰ ਰਿਹਾ ਹੋਵੇ ਤੇ ਸਾਰੇ ਉਸ ਵਿੱਚ ਇਸ਼ਨਾਨ ਕਰ ਰਹੇ ਹੋਣ।

'ਹਟਾ ਦੀਜੀਏ ਮਾਈਕ...ਪੰਜਾਬ ਕੇ ਸ਼ੇਰ ਆਏ ਹੈਂ। ਐਸੀ ਬੁਲੰਦ ਆਵਾਜ਼ ਮਾਈਕ ਕੀ ਕਹਾਂ ਮੁਹਤਾਜ ਹੈ?

ਦੋ ਸ਼ਬਦ ਗਾਉਣ ਤੋਂ ਬਾਅਦ ਉਨ੍ਹਾਂ ਖ਼ਿਆਲ, ਦਾਦਰਾ, ਤਰਾਨਾ ਗਾਇਆ। ਆਪਣਾ ਪਿਆਰਾ ਅੰਗ ਕੱਵਾਲੀ ਗਾਈ ਤੇ ਅਖ਼ੀਰ ਰਾਗ ਭੈਰਵੀ ਵਿੱਚ ਠੁਮਰੀ 'ਥਾਟ ਚਲਤ ਮੇਰੀ ਚੁਨਰੀ ਰੰਗ ਲਾਈ' ਐਸੇ ਵਜਦ ਵਿੱਚ ਗਾਇਆ; ਲਗਦਾ ਸੀ ਕਿ ਇੱਕ ਵੀ ਬਸਰ ਉੱਥੇ ਨਹੀਂ...ਸਿਰਫ਼ ਆਵਾਜ਼ ਗੂੰਜ ਰਹੀ ਹੈ। ਅੱਜ

ਪੈਂਤੀ–ਚਾਲ਼ੀ ਸਾਲ ਬੀਤਣ ਦੇ ਬਾਅਦ ਵੀ ਮੇਰੇ ਕੰਨਾਂ ਵਿਚ ਉਹ ਆਵਾਜ਼ ਤੇ ਅੱਖਾਂ ਅੱਗੇ ਉਹ ਦ੍ਰਿਸ਼ ਮੂਰਤੀਮਾਨ ਹੈ।

ਮਾਂਢੇ ਡੇਰੇ ਆਓ....ਆਓ ਜੀ ਮਹਾਰਾਜ...

ਮੈਂ ਤੇ ਤੇਰੀ ਟਹਿਲ ਕਰੇਸਾਂ

ਮਾਂਢੇ ਡੇਰੇ ਆਓ

ਹੁਣ ਉਹ ਅਕਸਰ ਮੈਨੂੰ ਤੇ ਗਗਨ ਜੀ ਨੂੰ ਆਪਣੇ ਪਿੰਡ 'ਗਰਨਾ ਸਾਹਿਬ' ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਆਉਣ ਦਾ ਸੱਦਾ ਦਿੰਦੇ। ਜੇ ਗਾਉਂਦੇ ਹੁੰਦੇ, ਵਿੱਚੇ ਰੋਕ ਕੇ 'ਮਾਂਢੇ ਡੇਰੇ ਆਓ...ਮੈਂ ਤੋ ਤੇਰੀ ਟਹਿਲ ਕਰੇਸਾਂ' ਗਾਉਣਾ ਸ਼ੁਰੂ ਕਰ ਦਿੰਦੇ। ਅਸੀਂ ਉਨ੍ਹਾਂ ਦੀਆਂ ਸੁਰਾਂ ਵਿੱਚ ਭਿੱਜ ਜਾਂਦੇ।

ਤੇ ਫਿਰ ਉਹ ਮੌਕਾ ਵੀ ਆ ਗਿਆ। ਭਾਈ ਸਾਹਿਬ ਦੇ ਵੱਡੇ ਬੇਟੇ ਦੀ ਦਸਤਾਰਬੰਦੀ ਸੀ। 'ਹੁਣ ਤਾਂ ਤੁਹਾਨੂੰ ਹਰ ਹਾਲ ਵਿੱਚ ਆਉਣਾ ਹੀ ਪਵੇਗਾ।'

ਗਗਨ ਜੀ ਨੇ ਅਮਰੀਕਾ ਤੋਂ ਆਉਣਾ ਸੀ। ਉਨ੍ਹਾਂ ਮੈਨੂੰ ਆਉਣ ਦੀ ਤਾਰੀਖ਼ ਲਿਖੀ ਕਿ ਤੂੰ ਮੈਨੂੰ ਲੈਣ ਦਿੱਲੀ ਏਅਰਪੋਰਟ 'ਤੇ ਪਹੁੰਚ ਜਾਈਂ ਤੇ ਉੱਥੋਂ ਅਸੀਂ ਸਿੱਧੇ ਗੱਡੀ ਲੈ ਕੇ ਪੰਜਾਬ ਜਾਵਾਂਗੇ। ਸਭ ਤੋਂ ਪਹਿਲਾਂ ਗਰਨਾ ਸਾਹਿਬ (ਬੋਦਲ) ਭਾਈ ਸਾਹਿਬ ਦੇ ਬੇਟੇ ਦੀ ਦਸਤਾਰਬੰਦੀ ਭੁਗਤਾ ਕੇ ਫਿਰ ਆਪਣੇ ਬੱਚਿਆਂ

ਆਤਮਯਾਦ ਤੇ ਜਤਿੰਦਰ ਜੌਲੀ ਨਾਲ ਬਾਕੀ ਦਾ ਪ੍ਰੋਗਰਾਮ ਬਣਾਵਾਂਗੇ। ਸੋ, ਮੈਂ ਦਿੱਲੀ ਵਕਤ ਸਿਰ ਪਹੁੰਚ ਗਈ।

ਵੱਡੇ-ਵੱਡੇ ਦੋ ਸੂਟਕੇਸ ਤੇ ਇੱਕ ਬੈਗ ਗਗਨ ਜੀ ਦਾ ਤੇ ਇੱਕ ਅਟੈਚੀ ਮੇਰਾ। ਅਸੀਂ ਹੁਸ਼ਿਆਰਪੁਰੋਂ ਬੱਸ ਲਈ ਪਿੰਡ ਬੋਦਲਾਂ ਦੀ। ਸ਼ਾਇਦ ਉਹ ਆਖ਼ਰੀ ਬੱਸ ਹੀ ਸੀ। ਚੰਗੀ ਤਰ੍ਹਾਂ ਤੂੜੀ ਹੋਈ, ਨੂੜੀ ਹੋਈ। ਸਾਮਾਨ ਪਤਾ ਨਹੀਂ ਕਿੱਧਰ ਤੇ ਅਸੀਂ ਵਿਚਕਾਰ ਰੱਸੀ ਫੜ ਕੇ ਖਲੋ ਗਏ।

ਕਾਲਜ ਦੇ ਮੁੰਡੇ-ਕੁੜੀਆਂ ਦੀ ਇੱਕ ਟੋਲੀ ਸ਼ਾਇਦ ਉੱਤੇ ਪਹਾੜ ਵੱਲ ਜਾ ਰਹੀ ਸੀ। ਬੜੇ ਮੂਡ ਵਿੱਚ ਸਨ ਸਾਰੇ ਤੇ ਕੈਸੇਟ ਲਾ ਕੇ ਉੱਚੀ-ਉੱਚੀ ਸੁਣ ਰਹੇ ਸਨ। ਅਸੀਂ ਸਫ਼ਰ ਦੇ ਥੱਕੇ ਹੋਏ ਸਾਂ...ਗਗਨ ਜੀ ਸਿੱਧਾ ਅਮਰੀਕਾ ਤੋਂ ਤੇ ਮੈਂ ਭਾਵੇਂ ਕਾਨ੍ਹਪੁਰ ਤੋਂ, ਪਰ ਤਾਂ ਵੀ ਪੰਝੀ-ਛੱਬੀ ਘੰਟੇ ਤਾਂ ਹੋ ਹੀ ਗਏ ਸਨ ਖੁਆਰ ਹੁੰਦਿਆਂ।

ਸਾਨੂੰ ਦੋਹਾਂ ਨੂੰ ਸ਼ੋਸ਼ਾ ਸੁੱਝਿਆ ਅਤੇ ਅਸਾਂ ਰਲ ਕੇ ਗਾਉਣਾ ਸ਼ੁਰੂ ਕਰ ਦਿੱਤਾ। ਪੂਰੀ ਆਵਾਜ਼ ਵਿੱਚ। ਬੱਸ ਦਾ ਰੌਲ਼ਾ ਠੰਡਾ ਪੈ ਗਿਆ...ਕੈਸੇਟ ਬੰਦ ਹੋ ਗਈ ਤੇ ਤਿੰਨ-ਚਾਰ ਜੁਆਨ ਉੱਠ ਕੇ ਖੜ੍ਹੇ ਹੋ ਗਏ...ਪਲੀਜ਼ ਅੰਕਲ ਜੀ...ਆਂਟੀ ਜੀ...ਸੌਰੀ...ਬੈਠੋ...ਐਧਰ ਬੈਠੋ...ਆਓ ਜੀ ਐਧਰ ਆਓ!

ਸਾਰਾ ਰਾਹ ਅਸੀਂ ਉਨ੍ਹਾਂ ਬੱਚਿਆਂ ਦੀ ਦੋਸਤੀ ਮਾਣੀ, ਉਨ੍ਹਾਂ ਕੋਲੋਂ ਪਿੰਨੀਆਂ ਤੇ ਚਿਪਸ ਖਾਧੇ...ਉਨ੍ਹਾਂ ਸਾਰਿਆਂ ਨੂੰ ਕੋਲਡ ਡਰਿੰਕ ਪਿਆਈ ਅਤੇ ਇਸ ਤਰ੍ਹਾਂ ਸਾਰੇ ਰਾਹ ਖ਼ੁਸ਼ਬੂਆਂ ਖਲੇਰਦੇ ਅਸੀਂ ਗਰਨਾ ਸਾਹਿਬ ਪਹੁੰਚ ਗਏ।

ਬੱਸ ਨੇ ਸਾਨੂੰ ਇੱਕ ਵੀਰਾਨ ਜਿਹੀ ਸੜਕ 'ਤੇ ਉਤਾਰਿਆ। ਨਾ ਦੀਵਾ, ਨਾ ਬੱਤੀ...ਅੰਨ੍ਹਾ ਹਨੇਰਾ...ਚੰਨ ਦਾ ਵੀ ਕਿਧਰੇ ਅਤਾ-ਪਤਾ ਨਾ ਲੱਗੇ। ਦੂਰ ਜਿਹੇ ਘਰਾਂ ਚੋਂ ਨਿੰਮ੍ਹੀਆਂ-ਨਿੰਮ੍ਹੀਆਂ ਰੌਸ਼ਨੀਆਂ ਦਿਸ ਰਹੀਆਂ ਸਨ, ਪਰ ਅੱਗੇ ਇਕਦਮ ਹਨੇਰਾ ਸੀ। ਪੈਲ਼ੀਆਂ ਦੇ ਵਿਚਕਾਰੋਂ ਇੱਕ ਪਗਡੰਡੀ ਜਿਹੀ ਦਿਸ ਰਹੀ ਸੀ, ਪਰ ਬਿਨਾਂ ਰੌਸ਼ਨੀ ਤੋਂ ਅੱਗੇ ਜਾਣਾ...ਫਿਰ ਐਨਾ ਸਾਰਾ ਸਾਮਾਨ ਕੌਣ ਚੁੱਕਦਾ ?

ਜਿਵੇਂ ਸਫ਼ਰ ਦਾ ਨਸ਼ਾ ਕਾਫ਼ੂਰ ਹੋਣ ਜਾ ਰਿਹਾ ਸੀ ਕਿ ਖੱਬੇ ਪਾਸਿਓਂ ਆਉਂਦਾ ਇੱਕ ਸਾਇਕਲ ਸਵਾਰ ਕੋਲ ਆ ਕੇ ਰੁਕ ਗਿਆ। ਭਾਈ ਸਾਹਬ ਦਾ ਨਾਂ ਸੁਣ ਕੇ ਉਨ੍ਹੇ ਸਾਡੀ ਅਗਲੀ ਗੱਲ ਹੀ ਨਹੀਂ ਸੁਣੀ ਅਤੇ ਹਨ੍ਹੇਰੀ ਪਗਡੰਡੀ 'ਤੇ ਸਾਇਕਲ ਭਜਾ ਲਈ।

ਦੋ-ਤਿੰਨ ਮਿੰਟਾਂ ਵਿੱਚ ਸਿਰ 'ਤੇ ਖੱਦਰ ਦੇ ਚਾਦਰੇ ਵਲ੍ਹੇਟੇ ਦੋਹਾਂ ਹੰਸਾਂ ਦੀ ਜੋੜੀ (ਦਿਲਬਾਗ ਤੇ ਗੁਲਬਾਗ਼) ਨਾਲ ਹੋਰ ਪਤਾ ਨਹੀਂ ਕੌਣ-ਕੌਣ ਉਡ ਕੇ ਆਏ।

ਸਾਫ਼-ਸੁਥਰੀਆਂ ਛੋਟੀਆਂ-ਛੋਟੀਆਂ ਗਲੀਆਂ ਚੋਂ ਲੰਘ ਕੇ ਅਸੀਂ ਉਨ੍ਹਾਂ ਦੀ ਬੈਠਕ ਵਿੱਚ ਆ ਬੈਠੇ।

ਉਸੇ ਵੇਲੇ ਸੰਤ ਮਸਕੀਨ ਜੀ, ਜੈ ਸਿੰਘ ਸ਼ੁਗਲ ਤੇ ਹੋਰ ਕਈ ਦੋਸਤਾਂ ਨੇ ਗੁਰਦੁਆਰੇ ਗਰਨਾ ਸਾਹਿਬ ਵਿੱਚ ਕਿਆਮ ਕੀਤਾ ਸੀ। ਅਖੰਡ ਪਾਠ ਸਾਹਿਬ ਦਾ ਪਾਠ ਹੋ ਰਿਹਾ ਸੀ। ਸਾਰੇ ਟੱਬਰ ਦਾ ਉਤਸ਼ਾਹ ਵੇਖ ਕੇ ਸਾਡੀ ਥਕਾਵਟ ਤਾਂ ਉਡ-ਪੁਡ ਗਈ।

ਰਾਤ ਦਾ ਖਾਣਾ ਖਾ ਕੇ ਘਰ ਦੇ ਸਾਰੇ ਮੈਂਬਰ ਜੁੜ ਬੈਠੇ। ਘਰ ਕੀ ? ਅੱਧਾ ਪਿੰਡ ਹੀ ਸਮਝੋ। ਭੈਣਾਂ-ਭਰਜਾਈਆਂ, ਧੀਆਂ-ਨੂੰਹਾਂ ਤੇ ਮੁੰਡੀਰਾਂ ਸਾਨੂੰ ਦੋਹਾਂ ਨੂੰ ਵਿਚਕਾਰ ਬਹਾ ਕੇ ਉਹ ਸਾਡਾ ਬੋਲਿਆ ਇੱਕ-ਇੱਕ ਲਫ਼ਜ਼ ਬੋਚ ਰਹੇ ਸਨ। ਉਨ੍ਹਾਂ ਦੀਆਂ ਧੀਆਂ-ਭੈਣਾਂ ਨੇ ਕਮਾਲ ਦੀ ਸੁਰ ਵਿੱਚ ਗੀਤ ਸੁਣਾਏ। ਮੁੰਡਿਆਂ ਨੇ ਸੀਨੇ ਦੇ ਜ਼ੋਰ ਨਾਲ ਆਵਾਜ਼ਾਂ ਲਾਈਆਂ...ਜਿਸ ਨੂੰ ਹੱਥ ਲਾਓ, ਉਹ ਹੀ ਕਲਾਕਾਰ।

ਰਾਤ ਅੱਧੀ ਤੋਂ ਵੱਧ ਬੀਤ ਚੁੱਕੀ ਸੀ। ਨੀਂਦ ਤਾਂ ਜਿਵੇਂ ਸੜਕੋਂ ਪਾਰ ਹੀ ਖੜ੍ਹੀ ਸੀ। ਹੁਣ ਤੱਕ ਚੰਨ ਪੂਰੇ ਜਲੌਅ ਨਾਅਲ ਚੜ੍ਹ ਆਇਆ ਸੀ...ਚਲੋ ਬਾਹਰ ਖੇਤਾਂ ਵਿੱਚ ਚੱਲੀਏ। ਤੇ ਭਲਾ ਇਤਰਾਜ਼ ਕਿਹਨੂੰ ਹੋ ਸਕਦਾ ਸੀ ? ਹੁਣ ਖੇਤਾਂ

ਵਿੱਚ ਖਲੋ ਕੇ ਉਨ੍ਹਾਂ ਦੇ ਬੇਟਿਆਂ ਨੇ ਟਾਹਰਾਂ ਲਾਈਆਂ। ਭਾਈ ਸਾਹਿਬ ਵਾਲੀ ਆਵਾਜ਼, ਉਨ੍ਹਾਂ ਦੀਆਂ ਤਾਨਾਂ ਤੇ ਤਾਨਾਂ ਖਿੱਚਦੀਆਂ ਮੀਂਡਾਂ।

ਸਵੇਰੇ ਚਾਹ ਦੀ ਗੜਵੀ ਤੇ ਬਿਸਕੁਟਾਂ ਨਾਲ ਜਾਗ ਖੁੱਲ੍ਹੀ। ਗੁਲਬਾਗ਼ ਹੋਰਾਂ ਦੀ ਵਹੁਟੀ ਮੇਰੇ ਕੰਨ ਵਿੱਚ ਕਹਿ ਰਹੀ ਸੀ, ਇੱਥੇ ਘਰ ਵਿੱਚ ਇੰਤਜ਼ਾਮ ਨਹੀਂ, ਖੇਤਾਂ ਵਿਚ ਹੀ ਜਾਣਾ ਪੈਂਦਾ ਹੈ। ਤੁਸੀਂ ਬਾਹਰ ਘੁੰਮ ਆਓ, ਹਾਲੀਂ ਹਨੇਰਾ ਹੀ ਹੈ।

ਸਾਡਾ ਤਾਂ ਅਟਾਰੀ ਵੀ ਘਰ ਦੀ ਤੀਜੀ ਮੰਜ਼ਿਲ ’ਤੇ ਪਖਾਨਾ ਬਣਿਆ ਹੋਇਆ ਸੀ। ਓਹੀ ਚੁੱਲ੍ਹਿਆਂ ਵਾਲਾ। ਪਰ ਅਸੀਂ ਕਦੀ ਬਾਹਰ ਖੁੱਲ੍ਹੇ ਵਿੱਚ ਨਹੀਂ ਸਾਂ ਗਏ। ਹਰੀਆਂ ਕਚੂਰ ਕਿਆਰੀਆਂ, ਪਤਾ ਨਹੀਂ ਵਿੱਚ ਕੀ ਬੀਜਿਆ ਹੋਇਆ ਸੀ। ਕੋਸ਼ਿਸ਼ ਕਰਨ ’ਤੇ ਵੀ ਮੈਲ਼ੀਆਂ ਕਰਨ ਨੂੰ ਦਿਲ ਨਹੀਂ ਮੰਨਿਆ ਅਤੇ ਮੈਂ ਸੁੱਕੀ ਹੀ ਵਾਪਸ ਚਲੀ ਆਈ। ਘਰ ਆ ਕੇ ਦੱਸਿਆ ਤਾਂ ਸਾਰੇ ਹੱਸਦੇ ਰਹੇ। ਸਰਦੀ ਕਾਫ਼ੀ ਸੀ, ਮੂੰਹ-ਹੱਥ ਧੋ ਕੇ ਕੰਮ ਚਲਾ ਲਿਆ ਗਿਆ। ਪੂਰਾ ਪਿੰਡ ਉਨ੍ਹਾਂ ਦੇ ਘਰ ਇਕੱਠਾ ਹੋਇਆ ਸੀ, ਕਮਰੇ ਦੇ ਬਾਹਰਵਾਰ ਥਾਂ ਵਲ਼ ਕੇ ਵੱਡਾ ਸਾਰਾ ਚੁੱਲ੍ਹਾ, ਜਿਸ ’ਤੇ ਦੇਗ਼ ਵਿੱਚ ਦਾਲ਼ ਪੱਕ ਰਹੀ ਸੀ...ਨਾਲ ਹੀ ਵੱਡੇ-ਵੱਡੇ ਘੜਿਆਂ ’ਤੇ ਰੁਮਾਲੀ ਰੋਟੀਆਂ ਸੇਕੀਆਂ ਜਾ ਰਹੀਆਂ ਸਨ। ਹੁਣ ਵੀ ਸੋਚ ਕੇ ਮੂੰਹ ਵਿੱਚ ਪਾਣੀ ਆ ਰਿਹੈ।

ਰਾਤੀਂ ਮਹਿਫ਼ਲ ਵਿੱਚ ਇੱਕ ਚਿੱਟੇ ਕੱਪੜਿਆਂ ਤੇ ਸਫ਼ੇਦ ਦਾੜ੍ਹੀ ਤੇ ਬਿੱਲੀਆਂ ਅੱਖਾਂ ਵਾਲਾ ਉੱਚਾ, ਲੰਮਾ ਅਤੇ ਖ਼ੂਬਸੂਰਤ ਆਦਮੀ ਸਾਰਾ ਵਕਤ ਚੁੱਪ-ਚਾਪ ਬੈਠਾ ਸੁਣ ਰਿਹਾ ਸੀ। ਉਸ ਦੇ ਹੱਥ ਨਹੀਂ ਸੀ ਅਤੇ ਟੁੰਡਾਂ 'ਤੇ ਉਸ ਨੇ ਰੇਸ਼ਮੀ ਰੁਮਾਲ ਵਲ੍ਹੇਟੇ ਹੋਏ ਸਨ। ਮਹਿਫ਼ਲ ਐਨੀ ਭਰਵੀਂ ਸੀ ਤੇ ਰਾਤ ਵੀ ਜ਼ਿਆਦਾ ਹੋ ਜਾਣ ਕਰਕੇ ਉਸ ਬਾਰੇ ਕੁਝ ਪਤਾ ਨਹੀਂ ਲੱਗ ਸਕਿਆ।

ਸਵੇਰੇ ਸਾਰਾ ਸਮਾਗਮ ਸੰਪੂਰਨ ਹੋਣ ਤੋਂ ਬਾਅਦ ਅਸਾਂ ਖਾਣਾ ਖਾਧਾ। ਉਹ ਪੂਰਾ ਵਕਤ ਜਿਵੇਂ ਸਾਡੇ ਦੋਹਾਂ ਦੇ ਸੰਪਰਕ ਵਿੱਚ ਰਿਹਾ। ਚੁੱਪ ਚਾਪ ਇਕ ਲਫ਼ਜ਼ ਵੀ ਉਸ ਨਹੀਂ ਬੋਲਿਆ, ਪਰ ਹਰ ਵੇਲੇ ਲੱਗ ਰਿਹਾ ਸੀ ਕਿ ਉਹ ਅੱਗੇ ਵਧਿਆ ਅਤੇ ਆਪਣੇ ਟੁੰਡ ਨਾਲ ਕਮੀਜ਼ ਦੀ ਜੇਬ੍ਹ ਵਿੱਚੋਂ ਇਕ ਫੋਟੋ ਕੱਢ ਕੇ ਵਿਖਾਈ। ਫੋਟੋ ਵਿੱਚ ਇਕ ਬਹੁਤ ਹੀ ਖ਼ੂਬਸੂਰਤ ਆਦਮੀ ਦੇ ਸਿਰ ਦੇ ਵਾਲ਼ ਖੁੱਲ੍ਹੇ ਸਨ ਅਤੇ ਸਫੇਦ ਪੁਸ਼ਾਕ ਵਿੱਚ ਉਹ ਮਸਤਾਨਾ ਜਿਹਾ ਲੱਗ ਰਿਹਾ ਸੀ, ਜਿਵੇਂ ਮਹਾਤਮਾ ਟੈਗੋਰ ਹੋਵੇ।

'ਮੈਂ ਕੁਝ ਸਾਲ ਪਹਿਲਾਂ ਐਂਜ ਹੁੰਦਾ ਸਾਂ। ਇੱਕ ਕੁੜੀ ਨਾਲ ਇਸ਼ਕ ਹੋ ਗਿਆ...ਮੈਂ ਤਾਂ ਸਿਰਫ਼ ਮੂਰਤਾਂ ਵਾਹ ਸਕਦਾ ਸਾਂ ਤੇ ਉਹ ਵੀ ਮੂੰਹ ਵਿਚ ਬੁਰਸ਼ ਫੜ ਕੇ। ਉਸ ਦੇ ਮਾਂ-ਬਾਪ ਨੇ ਏਸੇ ਕਰਕੇ ਉਸ ਨੂੰ ਕਿਧਰੇ ਹੋਰ ਵਿਆਹੁਣ ਦੀ ਤਿਆਰੀ ਕਰ ਲਈ। ਦਿਲਬਾਗ਼ ਸਿੰਘ ਹੋਰਾਂ ਦੇ ਪਿਤਾ ਤੇ ਨਾਨਾ ਜੀ ਨੇ ਉਹ ਵਿਆਹ

ਪੜ੍ਹਨਾ ਸੀ। ਮੈਂ ਵੀ ਨਾਲ ਚਲਾ ਗਿਆ ਤੇ ਤਾਬਿਆ ਵਿੱਚ ਬਹਿ ਕੇ ਲਾਵਾਂ ਪੜ੍ਹੀਆਂ। ਉਹ ਲਗਾਤਾਰ ਰੋਂਦੀ ਰਹੀ। ਫੇਰਿਆਂ ਤੋਂ ਪਿੱਛੋਂ ਉਹ ਆਪਣੇ ਪਤੀ ਕੋਲੋਂ ਉੱਠ ਕੇ ਤਾਬਿਆ ਵਿਚ ਮੇਰੇ ਬੈਠੇ ਦੇ ਗਲ਼ ਵਿਚ ਚੂੜੇ ਵਾਲੀਆਂ ਬਾਹਵਾਂ ਪਾ ਕੇ ਕਿਹਾ, 'ਬੀਬਾ ਮੇਰਾ ਬੁੱਤ ਹੀ ਇਹ ਲੈ ਕੇ ਜਾਣਗੇ, ਰੂਹ ਤਾਂ ਸਦਾ ਤੇਰੀ ਪਰਿਕਰਮਾ ਕਰਦੀ ਰਹੇਗੀ।'

ਰੌਲ਼ਾ ਪੈ ਗਿਆ। ਭਾਈ ਸਾਹਿਬ ਦੇ ਪਿਤਾ ਨੇ ਦੱਸਿਆ ਕਿ ਅਸਾਂ ਫਟਾਫਟ ਵਾਜੇ, ਜੋੜੀਆਂ ਸਮੇਟੇ ਅਤੇ ਇਹਨੂੰ (ਬਲਵੰਤ ਸਿੰਘ) ਘਸੀਟ ਕੇ ਨਾਲ ਲੈ ਆਏ। ਬਹੁਤ ਰੌਲ਼ਾ ਪੈ ਸਕਦਾ ਸੀ, ਪਰ ਉਸ ਨੂੰ ਦੀਵਾਨਾ ਸਮਝ ਕੇ ਛੱਡ ਦਿੱਤਾ ਗਿਆ।

ਉਸ ਦੀ ਤਸਵੀਰ ਐਂਜ ਸੀ, ਜਿਵੇਂ ਟੈਗੋਰ ਦੀ ਮੂਰਤ ਹੋਵੇ। ਇੰਨ-ਬਿੰਨ ਉਸੇ ਤਰ੍ਹਾਂ। ਉਸੇ ਵੇਲ਼ੇ ਮੈਂ ਉਸ ਦੀ ਤਸਵੀਰ ਦੇ ਪਿੱਛੇ ਲਿਖਿਆ, 'ਬੋਦਲ ਦਾ ਕੇਸ'। ਇਸ ਕਹਾਣੀ ਦਾ ਬੀਜ ਮੇਰੇ ਜ਼ਿਹਨ ਵਿੱਚ ਪੁੰਗਰਨਾ ਸ਼ੁਰੂ ਹੋ ਚੁੱਕਿਆ ਸੀ। ਬਾਅਦ ਵਿੱਚ 'ਬੋਦਲ ਦਾ ਕੇਸ' ਦੇ ਨਾਂ ਹੇਠ ਇਹ 'ਜੁਗਨੂੰਆਂ ਦੇ ਕਬਰਸਤਾਨ' ਵਿੱਚ ਛਪੀ।

ਉਹ ਤਸਵੀਰ ਅੰਮ੍ਰਿਤਾ ਜੀ ਨੇ ਮੇਰੇ ਕੋਲੋਂ ਮੰਗ ਲਈ ਤੇ ਮੈਂ ਪਿਆਰ ਵਿਚ ਆ ਕੇ ਦੇ ਦਿੱਤੀ। ਪਤਾ ਨਹੀਂ ਕਿੱਥੇ ਰੁਲ ਗਈ ਹੋਵੇਗੀ ਉਨ੍ਹਾਂ ਦੇ ਜਾਣ ਪਿੱਛੋਂ।

ਉਹ ਅਕਸਰ ਕਾਨ੍ਹਪੁਰ ਆਉਂਦੇ...ਕਈ ਵਾਰੀ ਕਲਕੱਤੇ ਜਾਂਦਿਆਂ ਖ਼ਤ ਪਾ ਦਿੰਦੇ...ਫਲਾਣੇ ਦਿਨ ਕਾਨ੍ਹਪੁਰ ਤੋਂ ਲੰਘ ਰਹੇ ਹਾਂ। ਮੈਂ ਚਾਵਾਂ-ਮੱਤੀ ਪਿਆਰ ਨਾਲ ਪਰੌਂਠੇ ਬਣਾਉਂਦੀ, ਸੁੱਕੀਆਂ ਸਬਜ਼ੀਆਂ ਤੇ ਮੀਟ ਭੁੰਨਦੀ। ਮੈਂ ਗੁਜਰਾਲ ਜੀ ਤੇ ਗਗਨ ਜੀ ਸਟੇਸ਼ਨ 'ਤੇ ਪਹੁੰਚ ਜਾਂਦੇ।

ਇੱਕ ਸਾਲ ਗਗਨ ਜੀ ਨੂੰ ਵੀ ਰਾਂਚੀ ਗੁਰਦੁਆਰੇ ਵਾਲਿਆਂ ਦਸਮ ਗੁਰੂ ਜੀ ਦੇ ਜਨਮ ਦਿਨ 'ਤੇ ਬੁਲਾਇਆ। ਅੱਗੇ ਭਾਈ ਸਾਹਿਬ ਵੀ ਆਪਣੇ ਜੱਥੇ ਨਾਲ ਆਏ ਹੋਏ ਸਨ। ਭਾਈ ਸਾਹਿਬ ਦਾ ਇਲਾਹੀ ਕੀਰਤਨ ਤੇ ਗਗਨ ਜੀ ਦੇ ਸ਼ੀਰੀਂ ਬੋਲ। ਦੋ-ਤਿੰਨ ਦਿਨ ਖ਼ੂਬ ਰੌਣਕਾਂ ਲੱਗੀਆਂ ਰਹੀਆਂ। ਰਾਂਚੀ ਮੇਰੇ ਪੇਕੇ ਹੋਣ ਕਰਕੇ ਘਰਾਂ ਵਿੱਚ ਵੀ ਸਮਾਗਮ ਰਚਾਏ ਗਏ।

ਅਸੀਂ ਹਾਲੇ ਰਾਂਚੀ ਹੀ ਸਾਂ ਕਿ ਭਾਈ ਸਾਹਿਬ ਅੱਗੇ ਇੱਕ-ਦੋ ਸਟੇਸ਼ਨਾਂ 'ਤੇ ਪ੍ਰੋਗਰਾਮ ਲਈ ਚਲੇ ਗਏ, ਪਰ ਕਮਾਲ ਇਹ ਹੋਇਆ ਕਿ ਵਾਪਸੀ 'ਤੇ ਇੱਕੋ ਟ੍ਰੇਨ ਦੇ ਵੱਖ-ਵੱਖ ਡੱਬਿਆਂ ਵਿੱਚ ਅਸੀਂ ਬੈਠੇ ਹੋਏ ਸਾਂ। ਰਾਤੀਂ ਗਗਨ ਜੀ ਪਾਣੀ ਲੈਣ ਲਈ ਉਤਰੇ ਤਾਂ ਭਾਈ ਸਾਹਿਬ 'ਤੇ ਨਿਗ੍ਹਾ ਪੈ ਗਈ। ਫਿਰ ਕੀ ਸੀ...ਵਾਜੇ-ਜੋੜੀਆਂ ਸਣੇ ਡੱਬੇ ਵਿੱਚ ਆ ਗਏ। ਇਹ ਸੰਨ ੮੦ ਦੇ ਨੇੜੇ ਦੀ ਗੱਲ ਹੈ। ਉਦੋਂ ਲੋਕੀਂ ਰਿਜ਼ਰਵੇਸ਼ਨ ਲਈ ਲੜਦੇ-ਮਰਦੇ ਨਹੀਂ ਸਨ ਅਤੇ ਨਾਲੇ ਉਸ ਤੋਂ ਪਹਿਲਾਂ

ਗਗਨ ਜੀ ਨੇ ਆਪਣੇ ਸ਼ੀਰੀਂ ਬੋਲਾਂ ਨਾਲ ਕਈ ਖ਼ੂਬਸੂਰਤ ਗੱਲਾਂ ਸੁਣਾ ਕੇ ਮਾਹੌਲ ਮੋਹ ਲਿਆ ਹੋਇਆ ਸੀ।

ਬਸ,...ਵਾਜੇ-ਜੋੜੀਆਂ ਖੁੱਲ੍ਹ ਗਏ। ਹੇਠਲੀਆਂ ਸੀਟਾਂ ਵਾਲੇ ਆਪੇ ਹੀ ਉਤਲੀਆਂ ਤੇ ਲਟਕ ਗਏ...ਬਾਕੀ ਪੂਰਾ ਕੰਪਾਰਟਮੈਂਟ ਜਿਹੜਾ ਗਗਨ ਜੀ ਦੀਆਂ ਗੱਲਾਂ ਨੇ ਕੀਲਿਆ ਹੋਇਆ ਸੀ, ਹੁਣ ਸੰਗੀਤ ਦੀ ਲੈਅ ਵਿੱਚ ਤਾਰੀਆਂ ਲਾਉਣ ਲੱਗਾ।

ਸਵੇਰੇ ਪਤਾ ਨਹੀਂ ਕਿਹੜਾ ਸਟੇਸ਼ਨ ਸੀ, ਹੁਣ ਨਾਂ ਭੁੱਲ ਗਿਐ। ਉੱਥੋਂ ਦਾ ਇਤਰ ਮਸ਼ਹੂਰ ਹੈ। ਸਟੇਸ਼ਨ 'ਤੇ ਸਮੋਸਿਆਂ ਤੇ ਜਲੇਬੀਆਂ ਦੀਆਂ ਰੇਹੜੀਆਂ ਦੇ ਪੂਰੇ ਪੈਸੇ ਗਗਨ ਜੀ ਨੇ ਚੁਕਾ ਦਿੱਤੇ। ਸਭ ਨੂੰ ਖੁਆਓ...ਲੰਗਰ ਹੈ।

ਬਿਹਾਰੀਏ ਨਾਅਰੇ ਮਾਰਨ, 'ਵਾਹ ਸਰਦਾਰ ਜੀ', ਪੂਰੀ ਗੱਡੀ ਤਾਂ ਨਹੀਂ, ਪਰ ਜਿਸ ਦੇ ਜੋ ਹਿੱਸੇ ਆਇਆ, ਉਸ ਖਾਧਾ।

ਸਾਡੀ ਚਿੱਠੀ-ਪੱਤਰੀ ਲਗਾਤਾਰ ਚੱਲਦੀ ਰਹੀ। ਮੈਂ ਆਪਣੇ ਬੇਟੇ ਬੌਬੀ ਦੇ ਵਿਆਹ 'ਤੇ ਇੰਗਲੈਂਡ ਗਈ ਹੋਈ ਸਾਂ। ਮੇਰੇ ਵੱਡੇ ਕੁੜਮ ਦਾ ਉਸ ਵੇਲੇ ਜਹਾਜ਼ ਦੀਆਂ ਟਿਕਟਾਂ ਦੇਣ ਦਾ ਕੰਮ ਸੀ ਅਤੇ ਉਨ੍ਹਾਂ ਦੀ ਦੁਕਾਨ ਵੀ ਸਾਊਥਹਾਲ ਵਿੱਚ ਸੀ। ਮੈਂ ਉਸ ਦਿਨ ਉਨ੍ਹਾਂ ਨੂੰ ਮਿਲਣ ਗਈ ਤਾਂ ਪੁੱਛਣ ਲੱਗੇ ਕਿ ਅਮਰੀਕਾ ਤੋਂ ਕੋਈ ਰਾਗੀ ਆਏ ਹੋਏ ਨੇ, ਉਹ ਅੱਜ ਸਵੇਰੇ ਮੈਨੂੰ ਤੁਹਾਡੇ ਬਾਰੇ ਪੁੱਛ ਰਹੇ

ਸਨ...ਕੀ ਤੁਸੀਂ ਉਨ੍ਹਾਂ ਨੂੰ ਜਾਣਦੇ ਹੋ, ਕੀ ਸਾਨੂੰ ਮਿਲਾ ਸਕਦੇ ਹੋ ? ਸਾਨੂੰ ਸਿਰਫ਼ ਐਨਾ ਹੀ ਪਤੈ ਕਿ ਉਹ ਲੰਡਨ ਆਏ ਹੋਏ ਨੇ।

ਉਨ੍ਹਾਂ ਉਸੇ ਵੇਲੇ ਮੈਨੂੰ ਫ਼ੋਨ ਕੀਤਾ ਤੇ ਉਨ੍ਹਾਂ ਨਾਲ ਗੱਲ ਕਰਵਾ ਦਿੱਤੀ। ਐਨੇ ਵੱਡੇ, ਦੂਰ-ਦੁਰਾਡੇ ਮੁਲਕ ਵਿੱਚ ਇਸ ਤਰ੍ਹਾਂ ਪਤਾ ਕੱਢਣਾ ਕਿਸੇ ਚਮਤਕਾਰ ਨਾਲੋਂ ਘੱਟ ਨਹੀਂ ਸੀ। ਦੂਜੇ ਦਿਨ ਨੂੰਹ ਰਾਣੀ ਸਾਮਾਨ ਸਣੇ ਉਨ੍ਹਾਂ ਨੂੰ ਸਾਊਥ ਇੰਗਲੈਂਡ ਬੇਜਿੰਗਸਟੋਕ ਆਪਣੇ ਘਰ ਲੈ ਆਈ। ਦੋ ਦਿਨ ਉਹ ਸਾਡੇ ਕੋਲ ਰਹੇ। ਉਸ ਤੋਂ ਪਿੱਛੋਂ ਉਹ ਅਕਸਰ ਹੀ ਬਾਹਰਲੇ ਮੁਲਕਾਂ ਵਿਚ ਘੁੰਮਦੇ ਰਹੇ ਅਤੇ ਮੇਰੇ ਨਾਲ ਰਾਬਤਾ ਵੀ ਘਟ ਗਿਆ।

ਫਿਰ ਇੱਕ ਦਿਨ ਬਿਜਲੀ ਡਿੱਗੀ। ਸੁਣਿਆ ਕਿ ਦੋਵੇਂ ਭਰਾ ਵੱਖ ਹੋ ਗਏ ਨੇ। ਜੱਥਾ ਟੁੱਟ ਚੁੱਕਾ ਸੀ। ਦੋਵੇਂ ਵੱਖ ਹੋ ਕੇ ਪਤਾ ਨਹੀਂ ਕਿਵੇਂ ਆਵਾਜ਼ ਕੱਢ ਸਕੇ ਹੋਣੇ ਨੇ ? ਮੇਰਾ ਤਾਂ ਰੋਣ ਹੀ ਨਹੀਂ ਸੀ ਠੱਲ੍ਹਿਆ ਜਾਂਦਾ। ਇਹ ਰਾਮ-ਲਛਮਣ ਦੀ ਜੋੜੀ ਕਿਵੇਂ ਟੁੱਟ ਗਈ ?

ਤਾਂ ਹੀ ਇੱਕ ਫੋਨ ਆਇਆ ਬੋਦਲ ਤੋਂ...ਭਾਈ ਸਾਹਿਬ ਦਿਲਬਾਗ਼ ਸਿੰਘ ਜੀ ਚਲਾਣਾ ਕਰ ਗਏ ਹਨ, ਆਪਣੇ ਪਿੱਛੇ ਬਹੁਤ ਵੱਡਾ ਖਲਾਅ ਛੱਡ ਕੇ।

ਗਾ ਰਹੇ ਹੋਣਗੇ, ਗੁਲਬਾਗ਼ ਜੀ ਹੁਣ ਵੀ। ਬਹੁਤ ਚਿਰ ਤੋਂ ਨਾ ਹੀ ਮਿਲੀ ਤੇ ਨਾ ਹੀ ਸੁਣ ਸਕੀ। ਐਨੀ ਭਰਪੂਰ ਜੋੜੀ ਟੁੱਟਣ 'ਤੇ ਲਗਦਾ ਹੈ, ਅਸਮਾਨ ਦੀ ਛੱਤ ਤਿੜਕ ਗਈ।

ਕੁਝ ਸਾਲ ਪਹਿਲਾਂ ਜਵੱਦੀ ਕਲਾਂ ਰਾਤੀਂ ਕੀਰਤਨ ਦਰਬਾਰ ਵਿੱਚ ਇੱਕ ਨੌਜਵਾਨ ਨੂੰ ਇੰਨ-ਬਿੰਨ ਭਾਈ ਸਾਹਿਬ ਦੀ ਸ਼ੈਲੀ ਵਿੱਚ ਕੀਰਤਨ ਕਰਦਿਆਂ ਸੁਣਿਆ। ਭੋਗ ਪੈਂਦਿਆਂ ਹੀ ਮੈਂ ਸਟੇਜ ਦੇ ਪਿਛਲੇ ਪਾਸਿਓਂ ਉਨ੍ਹਾਂ ਨੂੰ ਜਾ ਮਿਲੀ ਤਾਂ ਪਤਾ ਲੱਗਾ ਕਿ ਮੇਰਾ ਅੰਦਾਜਾ ਠੀਕ ਸੀ। ਉਹ ਭਾਈ ਦਿਲਬਾਗ਼ ਸਿੰਘ ਦੇ ਫ਼ਰਜ਼ੰਦ ਹੀ ਸਨ। ਉਨ੍ਹਾਂ ਤਾਂ ਉਂਝ ਹੀ ਮੈਨੂੰ ਪਛਾਣ ਲਿਆ ਹੋਇਆ ਸੀ। ਉਨ੍ਹਾਂ ਦੱਸਿਆ ਕਿ ਪਿਤਾ ਜੀ ਨੇ ਤੁਹਾਡੀ ਫੋਟੋ ਵੱਡੀ ਕਰਕੇ ਘਰ ਵਿੱਚ ਲਾਈ ਹੋਈ ਹੈ।

ਹਾਲ ਹੀ ਵਿੱਚ ਕਿਸੇ ਨਾਲ ਜ਼ਿਕਰ ਕਰਦਿਆਂ ਪਤਾ ਲੱਗਾ ਕਿ ਉਨ੍ਹਾਂ ਦਾ ਬੇਟਾ ਅੱਜ-ਕੱਲ੍ਹ ਲੰਦਨ ਵਿੱਚ ਹੈ  ਅਤੇ ਧੁੰਮਾਂ ਪਾ ਰਿਹਾ ਹੈ। ਕਮਾਲ ਦਾ ਕੀਰਤਨ ਦਾ ਰਿਆਜ਼ ਹੈ ਉਸ ਨੂੰ।

ਵਾਹਿਗੁਰੂ ਅੱਗੇ ਅਰਦਾਸ ਕਰਦੀ ਹਾਂ ਕਿ ਉਸ ਦੇ ਹੁਨਰ ਨੂੰ ਹੋਰ ਉੱਚੇ ਹੁਲਾਰੇ ਬਖ਼ਸ਼ੇ!

ਆਮੀਨ...!

# ਭਾਈ ਸਮੁੰਦ ਸਿੰਘ ਜੀ ਦੀ ਗਾਇਨ ਸ਼ੈਲੀ

ਪ੍ਰੋ. ਪਰਮਜੋਤ ਸਿੰਘ

ਉੱਤਰੀ ਭਾਰਤੀ ਵਿੱਚ ਭਗਤੀ ਲਹਿਰ ਅੱਜ ਤੋਂ ਚਾਰ ਹਜ਼ਾਰ ਸਾਲ ਪਹਿਲਾਂ ਵੈਦਿਕ ਕਾਲ ਤੋਂ ਉਪਾਸ਼ਨਾ ਦੇ ਰੂਪ ਵਿੱਚ ਪ੍ਰਵਾਹਿਤ ਹੋਈ। ਦੱਖਣੀ ਭਾਰਤ ਵਿੱਚ ਵੀ ਇਹ ਲਹਿਰ ਸਾਧਨਾ ਦੇ ਰੂਪ ਵਿੱਚ ਵਿਗਸੀ। ਸੰਤਾਂ ਮਹਾਤਮਾਵਾਂ ਨੇ ਆਪਣੇ ਆਪਣੇ ਮੱਤ ਨੂੰ ਪ੍ਰਫੁੱਲਤ ਕਰਨ ਲਈ ਉਸ ਪਰਮਾਤਮਾ ਦੀ ਕੀਰਤੀ ਨੂੰ ਸੰਗੀਤ-ਮਈ ਬੋਲ ਦਿੱਤੇ। ਈਸਾ ਦੀਆਂ ਆਰੰਭਕ ਸਦੀਆਂ ਵਿੱਚ ਉੱਤਰੀ ਤੇ ਦੱਖਣੀ ਭਾਰਤ ਦੀ ਭਗਤੀ ਭਾਵਨਾ ਦੇ ਸੰਗੀਤਮਈ ਸਾਧਨਾ ਦਾ ਸੁਮੇਲ ਹੋ ਗਿਆ। ਨਤੀਜਾ ਇਹ ਹੋਇਆ ਕਿ ਭਗਤੀ ਦਾ ਚਸ਼ਮਾ ਇਕ ਪ੍ਰਬਲ ਧਾਰਾ ਦੇ ਰੂਪ ਵਿੱਚ ਵਹਿ ਤੁਰਿਆ, ਪਰ ਸਮਾਂ ਬੀਤਣ ਨਾਲ ਇਹ ਪਾਕ-ਪਵਿੱਤਰ ਸਾਧਨਾ ਪ੍ਰਵਿਰਤੀ ਤਾਂਤ੍ਰਿਕ-ਕਾਮਕੇਲ ਦਾ ਰੂਪ ਧਾਰਨ ਕਰ ਗਈ। ਅਜਿਹੀ ਦਸ਼ਾ ਨੂੰ ਬਿਆਨ ਕਰਦਿਆਂ ਕਬੀਰ ਜੀ ਨੇ ਅਸਲੀਅਤ ’ਤੇ ਝਾਤ ਪੁਆਈ ਤੇ ਕਿਹਾ, “ਕੀਰਤਨੀਏ ਤੋਂ ਬੀਸ ਕੋਸ, ਸੰਨਿਆਸੀ ਤੋਂ ਤੀਸ।” ਗਿਆਨ ਯੋਗ ਤੇ ਕਰਮ ਯੋਗ ਦੇ ਧਾਰਨੀ ਭਗਤ ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਹੈ, ਨੇ ਨਵੇਂ ਤੇ ਸੁਧਰੇ ਹੋਏ ਰੂਪ ਵਿੱਚ ਸੰਗੀਤ-ਬੱਧ ਕੀਤਾ। ਗੁਰੂ ਨਾਨਕ ਸਾਹਿਬ ਦੀ ਆਵੰਦ ਨਾਲ ਨਿਰਬਾਣ ਕੀਰਤਨ-ਪੱਧਤੀ ਨੂੰ ਰਾਗ-ਸਵੱਰ ਤੇ ਕਾਵਿ-ਬਹਿਰ ਵਿੱਚ ਰੂਪਮਾਨ ਕਰ ਕੇ ਅਕਾਲ ਪੁਰਖ ਦੇ

ਨਿਰਗੁਣ ਤੇ ਸਰਗੁਣ ਸਰੂਪ ਨੂੰ ਪ੍ਰੇਮਾ-ਭਗਤੀ ਸਹਿਤ ਗਾਇਆ। ਉਨ੍ਹਾਂ ਦੁਆਰਾ ਆਰੰਭ ਕੀਤੀ ਕੀਰਤਨ ਪਰੰਪਰਾ ਦੇ ਵਿਕਾਸ ਲਈ ਗੁਰੂ ਅਰਜਨ ਸਾਹਿਬ ਨੇ ਸਾਰੇ ਗੁਰੂ ਸਾਹਿਬਾਨਾਂ ਦੀ ਬਾਣੀ ਨੂੰ ਰਾਗ-ਰਤਨ ਤੇ ਵਿਧਾਨ ਅੰਦਰ ਅੰਕਿਤ ਕੀਤਾ। ਉਨ੍ਹਾਂ ਦਾ ਸਾਡੇ ਕਲਜੁਗੀ ਜੀਵਾਂ 'ਤੇ ਇਕ ਵੱਡਾ ਉਪਕਾਰ ਸੀ, ਜਿਸ ਨਾਲ ਕਠੋਰ ਤੋਂ ਕਠੋਰ ਮਨ ਵੀ ਅਕਾਲ ਪੁਰਖ ਨਾਲ ਜੁੜ ਸਕੇ। ਗੁਰਬਾਣੀ ਵਿੱਚ ਸਪੱਸ਼ਟ ਕੀਤਾ ਗਿਆ ਹੈ:

ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ॥
(ਰਾਮਕਲੀ ਕੀ ਵਾਰ ਮਹਲਾ ੪, ਪੰਨਾ 1423)

ਇਸ ਤਰ੍ਹਾਂ ਇੱਕ ਹੋਰ ਤੁਕ ਰਾਹੀਂ ਦਰਸਾਇਆ ਹੈ:
ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ॥
(ਸਲੋਕ ਵਾਰਾਂ ਤੇ ਵਧੀਕ, ਮਹਲਾ ੪, ਪੰਨਾ 1423)

ਗੁਰੂ ਅਰਜਨ ਸਾਹਿਬ ਦੇ ਪਰਮਾਤਮਾ ਦੀ ਕੀਰਤਨੀ ਦਾ ਢੰਗ ਕੀਰਤਨ ਹੀ ਦੱਸਿਆ ਹੈ। ਉਨ੍ਹਾਂ ਨੇ ਕੀਰਤਨ ਨੂੰ ਨਿਰਮੋਲਕ ਹੀਰਾ ਦਾ ਨਾਮ ਦਿੱਤਾ। "ਕਲਜੁਗ ਮਹਿ ਕੀਰਤਨੁ ਪਰਧਾਨਾ" ਮੰਨਿਆ, "ਤਹਾ ਬੈਕੁੰਠੁ ਜਹ ਕੀਰਤਨੁ ਤੇਰਾ" ਦੀ ਸ਼੍ਰੋਮਣੀ ਉੱਚਤਾ ਵੀ ਕੀਰਤਨ ਨੂੰ ਦਿੱਤੀ ਅਤੇ ਮੁਕਤੀ ਦਾ ਸਾਧਨ ਵੀ "ਕਰਿ ਕੀਰਤਨੁ ਹੋਇ ਉਧਾਰੁ" ਦੱਸਿਆ, ਪਰ ਨਾਲ ਇਹ ਵੀ ਸਪੱਸ਼ਟ

ਕੀਤਾ ਕਿ ਕੀਰਤਨ ਉਹੀ ਵਿਅਕਤੀ ਕਰ ਸਕਦਾ ਹੈ, ਜਿਸ ’ਤੇ ਅਕਾਲ ਪੁਰਖ ਦੀ ਰਹਿਮਤ ਹੋਵੇ।

ਮਹਾਂਵਾਕ ਹੈ:

ਜਿਸਨੋ ਬਖਸਿ ਲੈਹਿ ਮੇਰੇ ਪਿਆਰੇ ਸੋ ਜਸੁ ਤੇਰਾ ਗਾਵੈ॥

(ਸੋਰਠਿ ਮਹਲਾ ੫, ਪੰਨਾ 629)

ਪਰ ਜਿਹੜਾ ਵੀ ਕੀਰਤਨੀਆ ਕੀਰਤਨ ਕਰਨ ਲੱਗ ਜਾਂਦਾ ਹੈ, ਗੁਰੂ ਅਰਜਨ ਸਾਹਿਬ ਨੇ ਉਸ ਦੀ ਵਡਿਆਈ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 885 ’ਤੇ ਅੰਕਿਤ ਕੀਤਾ ਹੈ:

ਭਲੋ ਭਲੋ ਰੇ ਕੀਰਤਨੀਆ॥

ਰਾਮ ਰਮਾ ਰਾਮਾ ਗੁਨ ਗਾਉ॥

ਛੋਡਿ ਮਾਇਆ ਕੇ ਧੰਧ ਸੁਆਉ॥

(ਰਾਮਕਲੀ ਮਹਲਾ ੫, ਪੰਨਾ 885)

ਵੀਹਵੀਂ ਸਦੀ ਦੇ ਆਰੰਭ ਵਿੱਚ ਗੁਰੂ ਸਾਹਿਬਾਨਾਂ ਦੁਆਰਾ ਆਰੰਭੀ ਕੀਰਤਨ ਪਰੰਪਰਾ ਨੂੰ ਪ੍ਰਚਾਰਨ, ਪ੍ਰਸਾਰਨ ਤੇ ਵਿਸਥਾਰ ਹਿੱਤ ਭਾਈ ਸਮੁੰਦ ਸਿੰਘ ਜੀ ਨੇ ਜਨਮ ਲਿਆ। ਉਨ੍ਹਾਂ ਸੱਤ ਸਾਲ ਦੀ ਉਮਰ ਵਿੱਚ ਆਪਣੇ ਜ਼ਿੰਮੇ ਲਾਈ ਸੇਵਾ ਨੂੰ ਆਰੰਭਿਆ। ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ’ਤੇ

ਲਗਾਤਾਰ 28 ਸਾਲ ਕੀਰਤਨ ਦੀ ਸੇਵਾ ਕੀਤੀ। ਗੁਰੂ ਨਾਨਕ ਸਾਹਿਬ ਨੇ ਅਜਿਹੀ ਕਲਾ ਵਰਤਾਈ ਕਿ ਗਾਇਕੀ ਦੇ ਪੱਖ ਤੋਂ ਰਬਾਬੀ ਗਵੱਈਏ ਵੀ ਉਨ੍ਹਾਂ ਦੀ ਗਾਇਕੀ ਦਾ ਸਿੱਕਾ ਮੰਨਦੇ ਸਨ। ਉਨ੍ਹਾਂ ਸੀਨੇ ਦੇ ਜ਼ੋਰ ਨਾਲ ਗਾਉਣਾ। ਢਿੱਲੀ ਗਾਇਕੀ ਉਨ੍ਹਾਂ ਨੂੰ ਉੱਕੀ ਪਸੰਦ ਨਹੀਂ ਸੀ, ਤਾਨ ਪਲਟੇ ਤੇ ਲੈਅ ਦੇ ਧਨੀ ਸਨ, ਪਰ ਗਵਾਇਸ਼ ਨੂੰ ਕਦੀ ਹਾਵੀ ਨਹੀਂ ਸੀ ਹੋਣ ਦਿੰਦੇ। ਉਹ ਕਹਿੰਦੇ ਸਨ, "ਗੁਰਬਾਣੀ ਦਾ ਸਥਾਨ ਉੱਚਾ ਹੈ। ਰਾਗ ਗੁਰਬਾਣੀ ਦਾ ਰੱਬ ਹੈ। ਉਸ ਨੂੰ ਜਿੰਨਾ ਸੰਵਾਰੋਗੇ, ਓਨਾ ਹੀ ਰਸ ਵਧੇਗਾ।"

ਉਨ੍ਹਾਂ ਕੋਲ ਪੁਰਾਤਨ ਤੇ ਟਕਸਾਲੀ ਬੰਦਸ਼ਾਂ ਦਾ ਅਤੁੱਟ ਖ਼ਜ਼ਾਨਾ ਸੀ। ਜਿਨ੍ਹਾਂ ਨੂੰ ਗਾਉਣ ਲਈ ਸੁਰੀਲਾ ਕੰਠ, ਗਲੇ ਦੀ ਹਰਕਤ, ਤਾਨ ਦੀ ਸਫ਼ਾਈ, ਬੋਲ ਵੰਡ ਆਦਿ ਉਨ੍ਹਾਂ ਦੀ ਗਾਇਕੀ ਦੇ ਵਿਸ਼ੇਸ਼ ਗੁਣ ਸਨ, ਆਪ ਕੀਰਤਨ ਨੂੰ ਠੁਮਰੀ ਅੰਗ ਵਿੱਚ ਗਾਇਨ ਕਰਨ ਵਿੱਚ ਪ੍ਰਵੀਨ ਸਨ। ਆਪ ਇੱਕੋ ਹੀ ਸ਼ਬਦ ਨੂੰ ਵੱਖ-ਵੱਖ ਬਿਖੜੀਆਂ ਰੀਤਾਂ ਤੇ ਤਾਲਾਂ ਵਿੱਚ ਗਾਇਨ ਕਰਨ ਦੇ ਸਮਰੱਥ ਸਨ। ਕੀਰਤਨ ਸ਼ੈਲੀ ਦੇ ਨਾਲ-ਨਾਲ ਬਾਣੀ ਦੀ ਸੂਝ, ਸ਼ੁੱਧ ਤੇ ਸਪੱਸ਼ਟ ਉਚਾਰਨ ਤੇ ਬਾਣੀ ਦੀ ਵਿਆਖਿਆ ਸੰਗਤਾਂ ਨੂੰ ਕੀਲ ਲੈਂਦੀ।

ਭਾਈ ਸਮੁੰਦ ਸਿੰਘ ਜੀ ਨੇ ਸੱਤ ਸਾਲ ਦੀ ਉਮਰ ਵਿੱਚ ਪਹਿਲੀ ਵਾਰ ਸਿੱਖ ਵਿਦਿਅਕ ਕਾਨਫ਼ਰੰਸ ਵਿੱਚ ਸ਼ਬਦ ਗਾਇਆ, "ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ" ਤਾਂ ਕਈ ਵਿਦਵਾਨ ਹੈਰਾਨ ਹੋ ਗਏ ਤੇ

ਉਨ੍ਹਾਂ ਪੇਸ਼ੀਨਗੋਈ ਕੀਤੀ, "ਕਾਕਾ ਸਮੁੰਦ ਸਿੰਘ ਕਿਸੇ ਦਿਨ ਬਹੁਤ ਵੱਡਾ ਰਾਗੀ ਬਣੇਗਾ।" ਉਹ ਸਾਕਾਰ ਸਿੱਧ ਹੋਈ।

ਭਾਈ ਸਾਹਿਬ ਨੇ ਆਪਣੇ ਸਮੇਂ ਦੌਰਾਨ ਚੀਫ਼ ਖ਼ਾਲਸਾ ਦੀਵਾਨ ਦੀਆਂ ਕਾਨਫ਼ਰੰਸਾਂ, ਧਾਰਿਮਕ ਸਮਗਾਮਾਂ ਤੇ ਕੀਰਤਨ ਦਰਬਾਰਾਂ ਵਿੱਚ ਗਾ ਕੇ ਕਾਫ਼ੀ ਸਨਮਾਨ ਪ੍ਰਾਪਤ ਕੀਤੇ। ਉਹ ਬਾਣੀ ਦੀ ਚੋਣ, ਸਮੇਂ ਅਤੇ ਅਸਥਾਨ ਮੁਤਾਬਕ ਕਰਦੇ ਸਨ। ਇਹ ਚੋਣ ਹਮੇਸ਼ਾ ਹੀ ਢੁਕਵੀਂ ਹੁੰਦੀ। ਉਨ੍ਹਾਂ ਦੇ ਮਨ ਭਾਉਂਦੇ ਰਾਗ ਸਨ- ਸੋਰਠਿ, ਮੁਲਤਾਨੀ, ਕਾਫੀ, ਭੈਰਵੀ, ਮਾਝ, ਦਰਬਾਰੀ ਤੇ ਆਸਾਵਰੀ।

ਉਹਨਾਂ ਦਾ ਸ਼ਾਹਕਾਰ (Master Piece) ਸ਼ਬਦ "ਭਿੰਨੀ ਰੈਨੜੀਐ ਚਾਮਕਨਿ ਤਾਰੇ" ਸੋਰਠਿ ਰਾਗ ਵਿੱਚ ਸੀ। ਹੋਰ ਮਨਪਸੰਦ ਸ਼ਬਦ, ਜੋ ਉਹ ਬਹੁਤ ਵਾਰ ਗਾਉਂਦੇ ਸਨ, ਰਾਗ ਬਿਹਾਗੜੇ ਵਿੱਚੋਂ "ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ" ਅਤੇ ਰਾਗ ਕਲਿਆਣ ਵਿੱਚੋਂ "ਮੋਹਿ ਕਬਿ ਗਲਿ ਲਾਵਹਿਗੈ"; ਸੋਰਿਠ ਰਾਗ ਵਿੱਚ ਹੀ "ਪ੍ਰਭ ਜੀਉ ਖਸਮਾਨਾ ਕਰਿ ਪਿਆਰੇ"; "ਜੋ ਨਰੁ ਦੁਖ ਮਹਿ ਦੁਖੁ ਨਹੀਂ ਮਾਨੇ" ਸ਼ਬਦ ਚੌਦਾਂ ਮਾਤਰਾ ਵਿੱਚ ਹਮੀਰ ਵਿੱਚ ਗਾਉਂਦੇ ਸਨ। "ਧੰਨੁ ਸੁ ਦੇਸੁ ਜਹਾ ਤੂ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ" ਸਿੰਧੀ ਭੈਰਵੀ ਰਾਗ ਵਿੱਚ ਗਾਇਆ। "ਕਿਉਂ ਜੀਵਨੁ ਪ੍ਰੀਤਮ ਬਿਨੁ ਮਾਈ" ਹਮੀਰ ਵਿੱਚ ਸੰਗਤਾਂ ਵਿੱਚ ਬਹੁਤ ਪ੍ਰਚਲਿਤ ਹੋਏ।

ਪ੍ਰਭਾਤ ਵੇਲੇ ਦੇ ਰਾਗਾਂ ਵਿੱਚੋਂ ਉਹਨਾਂ ਨੂੰ ਰਾਮਕਲੀ, ਅਹੀਰ-ਭੈਰਉ ਤੇ ਆਸਾਵਾਰੀ ਪਸੰਦ ਸਨ, ਇਹਨਾਂ ਰਾਗਾਂ ਵਿੱਚ ਉਨ੍ਹਾਂ ਦੀ ਸ਼ਬਦ ਗਾਇਕੀ ਬਹੁਤ ਸਲਾਹੀ ਜਾਂਦੀ। 'ਨਾਨਕ ਨਾਮ ਜਹਾਜ਼ ਹੈ' ਫ਼ਿਲਮ ਵਿੱਚ ਰਾਗ ਬਹਾਰ ਵਿੱਚ ਗਾਏ ਸ਼ਬਦ "ਕਲਿ ਤਾਰਣਿ ਗੁਰੂ ਨਾਨਕ ਆਇਆ" ਸ਼ਬਦ ਨੇ ਉਨ੍ਹਾਂ ਨੂੰ ਲੱਖਾਂ ਲੋਕਾਂ ਦੇ ਦਿਲਾਂ ਦਾ ਬਾਦਸ਼ਾਹ ਬਣਾ ਦਿੱਤਾ।

ਉਨ੍ਹਾਂ ਦੀ ਗਾਇਕੀ ਦੀ ਕਲਾ ਇਥੋਂ ਤੱਕ ਹੁਨਰਮਈ ਸੀ ਕਿ ਕਈ ਵਾਰ ਉਹ ਸ਼ਬਦ ਨੂੰ ਗਾਉਂਦੇ ਵਿੱਚੋਂ ਹੀ ਰਾਗ ਨੂੰ ਬਦਲ ਦਿੰਦੇ, ਪਰ ਸ਼ਬਦ ਦੀ ਨਿਰੰਤਰਤਾ ਨੂੰ ਭੰਗ ਨਹੀਂ ਸੀ ਹੋਣ ਦਿੰਦੇ। ਕਈ ਵਾਰ ਉਹ ਅੰਮ੍ਰਿਤ ਵੇਲੇ ਤਾਰਿਆਂ ਦੀ ਛਾਵੇਂ ਕਿਸੇ ਸ਼ਬਦ ਨੂੰ ਆਸਾ ਰਾਗ ਵਿੱਚ ਸ਼ੁਰੂ ਕਰਦੇ। ਸ਼ਬਦ ਗਾਉਂਦਿਆਂ ਤੇ ਮਸਤੀ ਵਿੱਚ ਝੂੰਮਦਿਆਂ ਜਦੋਂ ਉਨ੍ਹਾਂ ਨੂੰ ਪਤਾ ਲੱਗਦਾ ਕਿ ਪਹੁ ਫੁਟਾਲਾ ਹੋ ਗਿਆ ਹੈ ਤਾਂ ਆਸਾ ਰਾਗ ਦੇ ਸੁਰ ਭੈਰਵ ਰਾਗ ਵਿੱਚ ਬਦਲ ਲੈਂਦੇ ਤੇ ਉਹੀ ਭੈਰਵ ਵਕਤ ਬਦਲਣ ਨਾਲ ਭੈਰਵੀ ਰੰਗ ਵਿੱਚ ਆ ਜਾਂਦਾ।

ਉਨ੍ਹਾਂ ਦੀ ਇੱਕ ਖੂਬੀ ਇਹ ਵੀ ਸੀ ਕਿ ਉਹ ਸ਼ਬਦ ਆਰੰਭ ਤੋਂ ਪਹਿਲਾਂ ਵਿਲੰਬਤ ਇੱਕ ਤਾਲ ਵਿੱਚ ਮੰਗਲਾਚਰਨ ਕਰਦੇ, ਜਿਸ ਰਾਹੀਂ ਰਾਗ ਦਾ ਸਰੂਪ ਸੁਤੇ-ਸਿੱਧ ਪ੍ਰਗਟ ਹੋ ਜਾਂਦਾ ਤੇ ਕੀਰਤਨ ਦਾ ਮਾਹੌਲ ਸਿਰਿਜਆ ਜਾਂਦਾ। ਆਪ ਖ਼ਿਆਲ ਗਾਇਕੀ ਤੋਂ ਇਲਾਵਾ ਧਰੁਪਦ-ਧੁਮਾਰ ਵੀ ਬੜੀ ਕੁਸ਼ਲਤਾ ਨਾਲ ਗਾ

ਲੈਂਦੇ ਸਨ। ਕੀਰਤਨ ਗਾਇਨ ਕਰਦੇ ਸਮੇਂ ਸਰੀਰ ਦੀ ਅਡੋਲਤਾ ਤੇ ਚਿਹਰੇ ਦੀ ਦਿੱਖ ਵਿੱਚ ਕੋਈ ਬਦਲਾਵ ਨਾ ਲਿਆਉਂਦੇ।

ਉਨ੍ਹਾਂ ਦੀ ਕੀਰਤਨ ਸ਼ੈਲੀ ਦੀ ਵਿਲੱਖਣਤਾ ਇਸ ਪੱਖੋਂ ਵੀ ਮੰਨੀ ਜਾਂਦੀ ਸੀ ਕਿ ਉਹ ਵੱਡੇ ਤਾਲ ਨੌਂ, ਗਿਆਰਾਂ, ਤੇਰਾਂ, ਅਠਾਰਾਂ, ਆੜਾ, ਚੌਤਾਲਾ ਤੇ ਫਰੋਸਤ ਵਿੱਚੋਂ ਵੀ ਬੰਦਸ਼ਾਂ ਦਾ ਗਾਇਨ ਕਰਦੇ ਸਨ।

ਅਜਿਹੀ ਇੱਕ ਮਿਸਾਲ ਪ੍ਰੋ. ਰਣਜੀਤ ਸਿੰਘ ਬਿਆਨਦੇ ਹਨ ਕਿ 1960 ਦੀ ਘਟਨਾ ਹੈ ਕਿ ਸ. ਨਿਰਮਲ ਸਿੰਘ ਘੜੀਸਾਜ਼ ਦੇ ਘਰ ਕੀਰਤਨ ਸਮਾਗਮ ’ਤੇ ਭਾਈ ਸਾਹਿਬ ਜੀ ਆਏ ਸੰਗਤਾਂ ਦਾ ਅਥਾਹ ਇਕੱਠ ਸੀ। ਇਸ ਵਿੱਚ ਪਦਮਸ਼੍ਰੀ ਸ. ਸੋਹਣ ਸਿੰਘ ਉਸਤਾਦ ਸਰਦਾਰ ਬਹਾਦਰ ਸਿੰਘ ਆਦਿਕ ਗੁਣੀ ਵਿਅਕਤੀ ਵੀ ਸੰਗਤਾਂ ਵਿੱਚ ਸੁਭਾਇਮਾਨ ਸਨ। ਭਾਈ ਸਾਹਿਬ ਨੇ ਡੰਡਓਤ ਕਰ ਕੇ ਕੀਰਤਨ ਆਰੰਭ ਕੀਤਾ। ਸ਼ਬਦ ਦੀ ਬੰਦਸ਼ ਝੂੰਮਰ ਤਾਲ ਵਿੱਚ ਸੀ। ਤਬਲੇ ’ਤੇ ਸੰਗਤ ਭਾਈ ਹਰਨਾਮ ਸਿੰਘ ਜੀ ਕਰ ਰਹੇ ਸਨ। ਐਸਾ ਸੁਰੀਲਾ ਵਾਤਾਵਰਣ ਬੱਝਿਆ ਕਿ ਸਰੋਤੇ ਕੀਰਤਨ ਦੇ ਰਸ ਵਿੱਚ ਮਸਤ ਹਨ। ਭਾਈ ਸਾਹਿਬ ਨੇ ਐਸਾ ਬਿਕਟ ਤਾਲਾ ਪਲਟਾ ਲਿਆ ਕਿ ਸੰਗਤ ਵਿੱਚ ਸੰਗੀਤ ਉਸਤਾਦ ਚੁਕੰਨੇ ਹੋ ਗਏ। ਲੱਗਦਾ ਸੀ ਭਾਈ ਸਾਹਿਬ ਬੇਤਾਲੇ ਹੋ ਜਾਣਗੇ ਤੇ ਫਿਰ ਸਮ ਨਹੀਂ ਪਕੜ ਸਕਣਗੇ। ਹੈਰਾਨੀ ਸਭ ਨੂੰ ਉਸ ਵਕਤ ਹੋਈ, ਜਦੋਂ ਪਲਟਾ ਮਾਰਦਿਆਂ ਫ਼ੁਰਤੀ ਨਾਲ ਭਾਈ ਸਾਹਿਬ ਨੇ ਝੂੰਮਰੇ ਦੀ ਬੰਦਸ਼ ਦਾ ਸੁਰ

ਪਕੜ ਕੇ ਸਭ ਨੂੰ ਚਕ੍ਰਿਤ ਕਰ ਦਿੱਤਾ। ਭਾਈ ਸਾਹਿਬ ਦੇ ਗਲੇ ਵਿੱਚ ਰੀਤ ਤਾਨ ਦਾ ਏਨਾ ਸੁਚੱਜਾ ਵਹਾਓ ਸੀ ਕਿ ਸੁਣ ਕੇ ਵੱਡੇ ਵੱਡੇ ਗਾਇਕ ਆਪ-ਮੁਹਾਰੇ ਬੋਲ ਉਠਦੇ ਸਨ, "ਵਾਹ! ਭਾਈ ਸਮੁੰਦ ਸਿੰਘ! ਆਪ ਪਰ ਤੋਂ ਸਰਸਵਤੀ ਮਿਹਰਬਾਨ ਹੈ।" ਭਾਈ ਸਾਹਿਬ ਨਿਮਰਤਾ ਸਹਿਤ ਆਖਦੇ ਸਨ ਕਿ ਇਹ ਸਭ 'ਗੁਰੂ ਦੀ ਕ੍ਰਿਪਾ' ਹੈ।

ਇਕ ਵਾਰ ਜਦੋਂ ਪ੍ਰਸਿੱਧ ਲਿਖਾਰੀ ਐੱਸ.ਐੱਸ. ਅਮੋਲ ਨੇ ਭਾਈ ਸਾਹਿਬ ਜੀ ਤੋਂ ਪੁੱਛਿਆ, "ਕੀਰਤਨ ਦੇ ਸਰੋਤੇ ਆਮ ਤੌਰ 'ਤੇ ਆਖਦੇ ਹਨ ਕਿ ਪੱਕੇ ਰਾਗਾਂ ਦੀ ਸਾਨੂੰ ਕੋਈ ਸਮਝ ਨਹੀਂ ਆਉਂਦੀ। ਪਤਾ ਨਹੀਂ, ਤੁਹਾਡਾ ਕੀਰਤਨ ਕਿਵੇਂ ਸੰਗਤਾਂ ਨੂੰ ਖਿੱਚ ਪਾਉਂਦਾ ਹੈ।" ਤਾਂ ਭਾਈ ਸਾਹਿਬ ਨੇ ਉੱਤਰ ਦਿੱਤਾ, "ਅਸਲ ਗੱਲ ਇਹ ਹੈ ਕਿ ਗੁਰੂ ਸਾਹਿਬ ਨੇ ਕੀਰਤਨ ਦੀ ਮਹਾਨਤਾ ਇਸ ਕਰਕੇ ਮਿੱਥੀ ਹੈ ਕਿ ਬਾਣੀ ਦੇ ਨਾਲ-ਨਾਲ ਜਦੋਂ ਰਾਗ ਤੇ ਰਾਗੀ ਦੀ ਸਰੋਦੀ ਆਵਾਜ਼ ਰਲ ਜਾਂਦੀ ਹੈ ਤਾਂ ਕਠੋਰ ਤੋਂ ਕਠੋਰ ਮਨ 'ਤੇ ਵੀ ਦੂਣਾ-ਤੀਣਾ ਅਸਰ ਕਰਦੀ ਹੈ।"

ਭਾਈ ਸਾਹਿਬ ਨੇ ਸਾਰੀ ਉਮਰ ਨੇਮ ਨਾਲ ਕੀਰਤਨ ਦੀ ਚੌਂਕੀ ਭਰੀ। ਕੀਰਤਨ ਸਮੇਂ ਉਹ ਇੰਨੇ ਵੈਰਾਗ ਤੇ ਵਜਦ ਵਿੱਚ ਆ ਜਾਂਦੇ ਕਿ ਉਹਨਾਂ ਦੇ ਨੇਤਰਾਂ ਵਿੱਚੋਂ ਜਲਧਾਰਾ ਵਹਿ ਤੁਰਦੀ। ਉਹਨਾਂ ਦੇ ਤਬਲੇ ਦੇ ਸਾਥੀ ਭਾਈ ਹਰਨਾਮ ਸਿੰਘ ਜੀ ਨੇ ਉਹਨਾਂ ਦੇ ਜੀਵਨ ਦੀ ਇੱਕ ਵਚਿੱਤਰ ਘਟਨਾ ਸੁਣਾਈ

ਕਿ ਇੱਕ ਵਾਰ ਅਸੀਂ ਸ੍ਰੀ ਨਗਰ ਦੇ ਰੇਡੀਓ ਸਟੇਸ਼ਨ ’ਤੇ ਪ੍ਰੋਗਰਾਮ ਲਈ ਗਏ। ਸਾਰੇ ਸਾਜਿੰਦੇ ਆਪਣੇ ਆਪਣੇ ਸਾਜ਼ਾਂ ਨੂੰ ਸੁਰ ਕੇ ਤਿਆਰੀ ਵਿੱਚ ਸਨ ਕਿ ਇੱਕ ਸਾਜਿੰਦਾ ਵਾਦਕ ਜੋ ਮੁਸਲਮਾਨ ਸੀ, ਨੇ ਆਪਣੀ ਸਾਰੰਗੀ ਦੀਆਂ ਤਰਬਾਂ ਨੂੰ ਵੀ ਲਰਜਿਤ ਕਰ ਲਿਆ। ਦੋਂ ਭਾਈ ਸਾਹਿਬ ਨੇ ਸ਼ਬਦ ਸ਼ੁਰੂ ਕੀਤਾ ਤਾਂ ਐਸਾ ਬਿਖੜਾ ਮੁਖੜਾ ਫੜਿਆ ਕਿ ਸਾਰੰਗੀ ਵਾਦਕ ਦੇ ਹੱਥ ਉਥੇ ਹੀ ਰੁਕ ਗਏ ਤੇ ਉਹ ਸਾਰੰਗੀ ਛੱਡ ਕੇ ਭਾਈ ਸਾਹਿਬ ਦੇ ਚਿਹਰੇ ਵੱਲ ਟਿਕਟਿਕੀ ਲਗਾ ਕੇ ਵੇਖੀ ਗਿਆ। ਉਹ ਸਾਰੰਗੀ ਵਜਾਉਣਾ ਹੀ ਭੁੱਲ ਗਿਆ। ਉਹ ਆਪਣੀ ਸੁੱਧ-ਬੁੱਧ ਹੀ ਭੁਲਾ ਬੈਠਾ। ਉਹ ਸਾਰੰਗੀ ਵਾਦਕ ਨਾਲੇ ਭਾਈ ਸਾਹਿਬ ਦਾ ਚਿਹਰਾ ਵੇਖੀ ਜਾਵੇ ਤੇ ਨਾਲ ਤ੍ਰਿਪ ਤ੍ਰਿਪ ਹੰਝੂ ਕੇਰੀ ਜਾਵੇ। ਜਦੋਂ ਸ਼ਬਦ ਖ਼ਤਮ ਹੋਇਆ ਤਾਂ ਰੇਡੀਓ ਸਟੇਸ਼ਨ ਦੇ ਡਾਇਰੈਕਟਰ ਨੇ ਉਸ ਨੂੰ ਸਾਰੰਗੀ ਨਾਲ ਭਾਈ ਸਾਹਿਬ ਦਾ ਸਾਥ ਨਾ ਨਿਬਾਹੁਣ ਕਰ ਕੇ ਪੁੱਛਗਿੱਛ ਲਈ ਬੁਲਾ ਲਿਆ। ਸਾਰੇ ਇਕੱਠੇ ਹੋਏ ਕਲਾਕਾਰਾਂ ਨੇ ਜਦੋਂ ਉਸ ਨੂੰ ਇਸ ਦਾ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ, “ਮੈਂ ਤਾਂ ਅੱਜ ਅੱਲ੍ਹਾ ਦ ਾਨੂਰ ਹੀ ਤੱਕਦਾ ਰਿਹਾ, ਇਸ ਲਈ ਮੈਨੂੰ ਸਾਰੰਗੀ ਵਜਾਉਣੀ ਹੀ ਭੁੱਲ ਗਈ। ਇਸ ਵਿੱਚ ਮੇਰਾ ਕੋਈ ਕਸੂਰ ਨਹੀਂ।”

ਬਲਵੰਤ ਗਾਰਗੀ ਨੇ ਵੀ ਆਪਣੀ ਇੱਕ ਯਾਦ ਜੋ 1945 ਵਿਚਲੀ ਹੈ, ਬਾਰੇ ਲਿਖਿਆ ਹੈ ਕਿ ਇੱਕ ਦਿਨ ਮੈਂ ਰੇਡੀਓ ਸਟੇਸ਼ਨ ਲਾਹੌਰ ਦੇ ਸਟੂਡੀਓ ਵਿੱਚੋਂ ਦੀ ਲੰਘਿਆ ਤਾਂ ਇੱਕ ਬੇਹੱਦ ਮੰਝੀ ਹੋਈ ਸੁਰੀਲੀ ਆਵਾਜ਼ ਸੁਣਾਈ

ਦਿੱਤੀ। ਇਸ ਵਿੱਚ ਮਿੱਠ ਖ਼ਰਜ ਦੇ ਸੁਰ ਗੂੰਜ ਰਹੇ ਸਨ। ਮੈਂ ਪੁੱਛਿਆ, "ਸਹਿਗਲ ਦਾ ਇਹ ਕਿਹੜਾ ਨਵਾਂ ਗੀਤ ਹੈ?" ਕਿਸੇ ਨੇ ਮੈਨੂੰ ਦੱਸਿਆ ਕਿ ਭਾਈ ਸਮੁੰਦ ਸਿੰਘ ਰਾਗੀ ਗਾ ਰਿਹਾ ਹੈ। ਮੈਂ ਹੈਰਾਨ ਰਹਿ ਗਿਆ। ਇਹੋ ਜਿਹੀ ਆਵਾਜ਼ ਸਹਿਗਲ ਦੇ ਸਿਵਾਏ ਹੋਰ ਕਿਸੇ ਦੀ ਨਹੀਂ ਹੋ ਸਕਦੀ। ਮੈਂ ਕਮਰੇ ਅੰਦਰ ਦਾਖ਼ਲ ਹੋਇਆ ਤਾਂ ਦੇਖਿਆ ਕਿ ਚਿੱਟੀ ਦਸਤਾਰ ਬੰਨ੍ਹੀ ਤੇ ਬਾਦਾਮੀ ਵਾਸਕਟ ਪਾਈ ਚੌਂਕੜੇ ਵਿੱਚ ਬੈਠਾ ਕੋਈ ਗੁਰੂ ਕਾ ਸਿੱਖ ਗਾ ਰਿਹਾ ਸੀ। ਖੁੱਲ੍ਹੀ ਕਾਲੀ ਸਿਆਹ ਦਾੜ੍ਹੀ ਤੇ ਚਮਕੀਲੀਆਂ ਜਿਸਤ ਅੱਖਾਂ, ਇਹ ਭਾਈ ਸਮੁੰਦ ਸਿੰਘ ਰਾਗੀ ਸੀ।

ਇਸ ਵੀਹਵੀਂ ਸਦੀ ਦੇ ਮਹਾਨ ਕੀਰਤਨੀਏ ਭਾਈ ਸਮੁੰਦ ਸਿੰਘ ਜੀ ਦੀ ਕੀਰਤਨ ਸ਼ੈਲੀ ਅੱਜ ਦੇ ਰਾਗੀਆਂ, ਵਿਚਾਰਵਾਨਾਂ ਤੇ ਰਾਗ ਰਤਨ ਦੇ ਖੋਜੀਆਂ ਲਈ ਇੱਕ ਚਾਨਣ ਮੁਨਾਰਾ ਹੈ। ਉਹ ਉਹਨਾਂ ਦੀ ਗਾਇਨ ਸ਼ੈਲੀ ਤੋਂ ਸੇਧ ਲੈ ਕੇ ਗੁਰੂਆਂ ਦੁਆਰਾ ਆਰੰਭਿਕ ਪਰੰਪਰਾ ਨੂੰ ਕਾਇਮ ਰੱਖਣ ਲਈ ਯੋਗਦਾਨ ਪਾ ਸਕਦੇ ਹਨ ।

ਇਹ ਲੇਖ 'ਭਾਈ ਸਮੁੰਦ ਸਿੰਘ ਪ੍ਰਸਿੱਧ ਕੀਰਤਨੀਏ - ਜੀਵਨ ਝਲਕਾਂ' ਪੁਸਤਕ ਵਿੱਚੋਂ ਲਿਆ ਗਿਆ ਹੈ ।

# ਸਫ਼ਰ..

ਜਸਵਿੰਦਰ ਸਿੰਘ ਕੋਟ ਕਰਾਰ ਖਾਂ

ਮੈਂ ਤੇ ਮਰੀਆਂ ਪੁਸਤਕਾਂ ਨਿਕਲੇ ਸਫ਼ਰਾਂ ਤੇ

ਲੱਭ ਰਹੇ ਹਾਂ ਬਾਬੇ ਨਾਨਕ ਦੀਆਂ ਪੈੜਾਂ ਦੇ ਨਿਸ਼ਾਨ

ਕਰ ਰਹੇ ਹਾਂ ਯਤਨ, ਉਹ ਧੂੜ ਮੱਥੇ ਲਾਈਏ

ਤਲਵੰਡੀ ਤੋਂ ਸ਼ੁਰੂ ਕਰ ਉਦਾਸੀਆਂ ਦੇ ਸੰਗ ਜਾਈਏ

ਮੁੜ ਕਰਤਾਰਪੁਰ ਸਿਜਦਾ ਕਰ ਗੁਰੂ ਗ੍ਰੰਥ ਦੀ ਗੋਦ ਮਾਣੀਏ

ਸੁਣੀਏ ਗਾਵੀਐ ਬਾਬੇ ਦੀ ਬਾਣੀ, ਬਾਬੇ ਦੇ ਰਾਗ

ਵਜਾਈਏ ਮ੍ਰਿਦੰਗ, ਜੋੜੀ ਤੇ ਰਬਾਬ,

ਤਾਊਸ, ਸਾਰੰਦਾ ਦਿਲਰੁਬਾ ਤੇ ਇਸਰਾਜ,

ਗਾਈਏ ਵਾਰ, ਵਾਰਾਂ ਦੀ ਵਾਰ ਆਸਾ ਵਾਰ

ਕਾਨੜੇ ਦੀ ਚਉਕੀ ਹਰ ਦਿਨ ਹਰ ਵਾਰ।

ਸਾਡੇ ਮੌਸਮ ਹੋਣ ਸ਼ੁਰੂ ਬਸੰਤ ਤੇ ਮਲਾਰ ਨਾਲ

ਅਨੰਦ ਮਾਣੀਏ ਹੋਲੇ ਮਹੱਲੇ ਦਾ ਵਿਸਾਖੀ ਦਾ

ਆਪਣੇ ਮਾਣ ਮੱਤੇ ਇਤਿਹਾਸ ਦਾ।

ਸਾਡੀ ਰਿਸ਼ਤੇਦਾਰੀ ਵਿੱਚ ਹੋਵਣ ਕਵੀ, ਸੰਗੀਤਕਾਰ,

ਰਾਗੀ, ਢਾਢੀ ਤੇ ਰਬਾਬੀ ਆਵਣ ਜਾਵਣ ਮਿਲ ਬੈਠਣ

ਗੱਲਾਂ ਕਰਨ ਪਿਆਰ ਦੀਆਂ

ਮਹਿਫ਼ਲਾਂ, ਮੇਲਿਆਂ ਵਿੱਚ ਗੱਲਾਂ ਹੋਵਣ ਗਿਆਨ ਦੀਆਂ,

ਧਿਆਨ ਦੀਆਂ, ਪੰਥ ਦੀਆਂ, ਮੇਰੇ ਗੁਰੂ ਗ੍ਰੰਥ ਦੀਆਂ

ਤੇ ਚੱਲਦੀ ਰਹੇ ਮੇਰੀ ਤੇ ਮੇਰੀਆਂ ਪੁਸਤਕਾਂ ਦੇ ਸਫ਼ਰ ਦੀ ਇਹ ਪਰੰਪਰਾ

ਲਗਾਤਾਰ ਲਗਾਤਾਰ ਲਗਾਤਾਰ...

**ਸੰਪਰਕ**: +91 82890 44933

# ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ

ਬਬਲੀ ਐਸ ਸਿੰਘ

ਮੈਂ  ਕਿਸੇ ਵਿਛੜ  ਚੁਕੀ ਆਤਮਾ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਪਾਠ ਦੇ ਭੋਗ ਤੇ ਗਈ ਸਾਂ । ਕੀਰਤਨ ਬਹੁਤ ਹੀ ਬੈਰਾਗ ਭਰਿਆ ਸੀ। ਮੈਨੂੰ ਇਸ ਮੌਕੇ ਤੇ ਪੜੇ ਜਾਣ ਵਾਲੇ ਸ਼ਬਦਾਂ ਨਾਲ ਖਾਸ ਲਗਾਵ ਹੈ। ਦਿਲ ਨੂੰ ਛੂੰਹਦੇ ਹਨ। ਮਨ ਨੂੰ ਸੋਝੀ ਆਂਦੀ ਹੈ। ਜਿੰਦਗੀ ਦੀ ਸਚਾਈ ਕਹਿੰਦੇ ਹਨ।  ਸਚ ਹੀ ਤਾਂ ਹੈ ਕਿ,ਇਕ ਦਿਨ ਸਭ ਕੁਝ ਛਡ ਕੇ  ਹੰਸ  ਇਕਲਿਆਂ ਹੀ ਚਲਾ ਜਾਂਦਾ ਹੈ।"ਮਰਘਟੁ ਤਕ  ਸਭ ਲੋਗ ਚਲੇਂ ਗੇ ਆਗੇ ਹੰਸ ਇਕੇਲਾ"।।

ਮਿਰਤਕ ਸਰੀਰ ਨੂੰ ਅਗਨੀ ਦੇ ਕੇ  ਆਪਣੇ ਆਪਣੇ ਘਰ ਚਲੇ ਜਾਂਦੇ ਹਾਂ। ਕੋਈ ਪੂਰੀ ਤਰ੍ਹਾਂ ਸਰੀਰ ਦੇ ਜਲਕੇ ਰਾਖ ਹੋਣ ਦੀ ਵੀ ਇੰਤਜ਼ਾਰ ਨਹੀਂ ਕਰਦਾ। ਮਰਘਟੁ ਤੋਂ ਅਗੇ ਆਤਮਾ ਦੀ ਯਾਤਰਾ ਇਕਲਿਆਂ ਹੀ ਹੁੰਦੀ ਹੈ।

ਐਸੇ ਮੌਕੇ ਦੇ ਭੋਗ ਤੋਂ ਬਾਦ ਦਿਲ ਚੁਪ ਜਿਹਾ ਹੋ ਜਾਂਦਾ ਹੈ । ਇਕ ਬੈਰਾਗ ਜਿਹਾ ਘੇਰ ਲੈਂਦਾ ਹੈ।ਕਿਸੇ ਨੂੰ ਮਿਲਣ ਤੇ ਮਨ ਨਹੀਂ ਕਰਦਾ। ਕੁਝ ਵਕਤ,ਬਸ ਇਹਨਾਂ ਗੁਰਬਾਣੀ ਦੇ ਸ਼ਬਦਾਂ ਬਾਰੇ ਹੀ ਸੋਚਣ ਤੇ  ਸਮਝਣ  ਤੇ ਹੀ ਦਿਲ ਕਰਦਾ ਹੈ। ਜਾਂ ਫਿਰ ਜੀਵਨ ਦੀ ਅਸਲੀਅਤ ਬਾਰੇ ਸੋਚਣਾ।, ਤੇ ਜਾਣ ਵਾਲੇ ਦੇ ਪਰਿਵਾਰ ਨੂੰ ਬਿਖਰਿਆਂ, ਦੁਖੀ ਦੇਖਕੇ ਇਕ ਉਦਾਸੀ ਮਹਿਸੂਸ ਕਰਨਾ।

ਪਤਾ ਨਹੀਂ ਕੁਝ ਲੋਕ ਕਿਵੇਂ ਐਸੇ ਭੋਗ ਤੋਂ ਬਾਅਦ ਬਾਹਰ  ਨਿਕਲ ਕੇ ਦੋਸਤਾਂ ਮਿਤਰਾਂ ਨੂੰ ਮਿਲਣ ਲਗ ਜਾਂਦੇ ਹਨ। ਲੰਗਰ ਹਾਲ ਵਿੱਚ ਲੋਕ,ਲੋਕਾਂ ਨੂੰ ਮਿਲਣ ਮਿਲਾਪ ਵਿੱਚ ਲਗ ਜਾਂਦੇ ਹਨ। ਕੰਮ ਵਿਹਾਰ ਦੀਆਂ ਗਲਾਂ ਵੀ ਆਰਾਮ ਨਾਲ ਮਾਰ ਲੈਂਦੇ ਹਨ। ਜਿਵੇਂ ਕਿ ਆਪਣੇ ਬਾਰੇ ਦੂਸਰੇ ਬਾਰੇ ਸਭ ਗਲਾਂ ਬਸ

ਉਥੇ ਹੀ ਕਰਣ ਦਾ ਮੌਕਾ ਮਿਲਦਾ ਹੈ। ਫ਼ੇਰ ਨਹੀਂ ਮਿਲਣਾ।

ਜਾਣ ਪਛਾਣ ਬਣਾਨ ਦਾ ਵੀ ਇਹੀ ਵਕਤ ਮਿਲਦਾ ਹੈ। ਇਥੇ ਹੀ ਨਿੰਦਿਆ ਕਰਨ ਦਾ ਵੀ ਮੌਕਾ ਮਿਲ ਜਾਂਦਾ ਹੈ।ਕਈ ਸਜਣਾਂ ਨੂੰ  ਤਾਂ ਇਕ ਦੂਜੇ ਨੂੰ ਇਹ ਵੀ ਕਹਿੰਦੇ ਸੁਣਿਆ ਹੈ ਕਿ ਖੀਰ  ਲੈ ਲੋ ਬੜੀ ਸਵਾਦ ਬਣੀ ਹੈ।ਹਲਵਾ ਬੜਾ ਵਧੀਆ ਬਣਿਆ ਹੋਇਆ ਹੈ। ਵਾਹ,ਇਥੇ ਵੀ ਸਵਾਦ ਮਾਣਨ ਆਏ ਨੇ।

ਸ਼ਾਇਦ ਕਿਉਂ ਕਿ ਮਿਰਤਕ ਦੇ ਜਾਣ ਨਾਲ ਉਨ੍ਹਾਂ ਨੂੰ ਕੋਈ ਵੀ ਫਰਕ ਨਹੀਂ ਪਇਆ ਹੁੰਦਾ। ਉਹ ਤਾਂ ਸਿਰਫ਼ ਇਕ ਤਕਲੁਫ   ਨਿਭਾਉਣ ਲਈ ਆਏ ਹੁੰਦੇ ਹਨ। ਇਕ ਤਰ੍ਹਾਂ ਰਸਮੀ  ਤੌਰ ਤੇ ਜਾਂ ਬਸ ਸੰਸਾਰੀ ਰਵਾਇਤ।।

ਮੈਂ ਸੋਚਦੀ ਰਹਿ ਜਾਂਦੀ ਹਾਂ ਕਿ .....ਕੀ ਇਹੀ ਜਗ੍ਹਾ ਰਹਿ  ਗਈ ਹੈ,ਗਲਾਂ ਕਰਨ ਲਈ, ਮਿਲਣ ਲਈ ਤੇ ਜਾਣ ਪਛਾਣ ਵਧਾਉਣ ਲਈ।

ਜਰਾ ਸੋਚੋ .... ਸਸਕਾਰ ਤੋਂ ਬਾਦ, ਫੂਲ ਚੁੱਗੇ,

ਬਸ ਇਕ ਛੋਟੀ ਜਿਹੀ ਮਲਮਲ ਦੀ ਗੰਠੜੀ ਵਿੱਚ ਬੜੀ ਹੀ ਥੋੜੀ ਜਿਹੀਆਂ ਅਸਥੀਆਂ ਲਭਦੀਆਂ ਹਨ ਅਤੇ ਉਹੀ ਲੈ ਕੇ ਤਾਰਣ ਚਲੇ ਜਾਂਦੇ ਹਾਂ। ਉਸ ਗੰਠੜੀ ਵਿਚ ਪਈਆਂ ਬੜੀਆਂ ਥੋੜੀਆਂ ਜਿਹੀਆਂ ਅਸਥੀਆਂ ਨੂੰ ਦੇਖਕੇ ਸੋਚਦੀ ਹਾਂ ,ਕਿ ਬਸ,ਆਖਿਰ  ਇੰਨਾ  ਕੁਝ ਹੀ ਸਿਲਸਿਲਾ  ਸੀ ? ਬਸ ਇੰਨੇ ਕੁਝ ਸਿਲਸਿਲੇ ਦਾ ਹੀ ਗੁਮਾਨ ਕਰਦਿਆਂ ਸਾਰੀ ਜਿੰਦਗੀ ਗੁਜ਼ਰ ਗਈ? "ਕਿਆ ਥੋ◌ੋ◌ੋੜੜੀ ਬਾਤ ਗੁਮਾਨ "॥

ਤੇ ਫ਼ਿਰ ਦੇਖੋ ਕਿ,ਇਹਨਾਂ ਅਸਥੀਆਂ ਨੇ ਵੀ ਸਾਡੇ ਕੋਲ ਨੀ ਰਹਿਣਾ। ਇਹ ਵੀ ਪਾਣੀ ਵਿੱਚ ਤਾਰ ਦਿਤੀਆਂ ਜਾਂਦੀਆਂ ਹਨ।

ਤੇ ਫ਼ੇਰ ਉਨ੍ਹਾਂ ਨੂੰ ਦੇਖਕੇ ਹੀ ਅਸੀਂ ਗੁਮਾਨ ਛਡ ਦਈਏ। ਰਬ ਅਗੇ ਫਰਿਆਦ ਕਰ ਲਈਏ ਕਿ "ਅਬ ਕੀ ਬਾਰ ਬਖਸ ਬੰਦੇ ਕਉ ਬਹੁਰਿ ਨ ਭਵਜਲੁ ਫੇਰਾ ॥"

ਇਕ ਹੋਰ ਸ਼ਬਦ ਕਿੰਨੀ ਪਰਤੱਖ ਸਚਿਆਈ ਕਹਿ ਰਿਹਾ ਹੈ..." ਜਗਤ ਮੈ ਝੂਠੀ ਦੇਖੀ ਪ੍ਰੀਤਿ॥

ਅਪੁਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ"॥

ਸਭ ਆਪਣੇ ਹੀ ਸੁਖ  ਪਿਛੇ ਦੂਜੇ ਨੂੰ   ਵਰਤਦੇ ਪਏ ਹਨ। ਇਹ ਸਚਾਈ ਪਤਾ ਨਹੀਂ ਕਿੰਨੀ ਵਾਰੀ ਜਿੰਦਗੀ ਵਿੱਚ ਪਰਤੱਖ  ਵਾਪਰਦੀ ਹੈ ਪਰ ਫ਼ੇਰ ਵੀ ਦੁਨਿਆਵੀ ਮੋਹ ਨਹੀਂ ਛੁਟਦੇ।

ਉਸ ਦਾਤੇ ਦੇ ਰੰਗ ਕਿਸੇ ਨੇ ਵੀ ਨਹੀਂ ਦੇਖੇ। ਗੁਰਸ਼ਬਦ ਕਹਿ ਰਹਿਆ ਹੈ..." ਨਾਨਕ ਕਿਸ ਨੋ ਆਖੀਐ ਵਿਣੁ ਪੁਛਿਆ ਹੀ ਲੈ ਜਾਇ"।। ਨ ਕੋਈ ਰੋਕ ਸਕੇ, ਨ ਪੁਛ ਸਕੇ।ਤੇ ਰਬ ਬਿਨਾ ਪੁਛਿਆਂ  ਦਸਿਆਂ ਚੁਪ ਚੁਪੀਤੇ ਬੰਦੇ ਨੂੰ ਲੈ ਜਾਂਦਾ ਏ।

ਹਰ ਸ਼ਬਦ ਬਹੁਤ ਕੁਝ ਸਿਖਾ ਰਿਹਾ ਹੈ।

"ਏ ਮਨ ਤੇਰਾ ਕੋ ਨਹੀ  ਕਰਿ ਵੇਖੁ ਸਬਦਿ ਵਿਚਾਰੁ ।।"  ਪਰ ਅਸੀਂ ਸੁਣਦੇ ਹਾਂ ਤੇ ਬਸ ਬਾਹਰ ਨਿਕਲਦਿਆਂ ਹੀ ਵਿਸਾਰ ਦੇਂਦੇ ਹਾਂ। ਤੇ ਜਿੰਦਗੀ ਦੀਆਂ ਰੰਗੀਨੀਆਂ ਵਿੱਚ ਗੁੰਮ ਹੋ ਜਾਂਦੇ  ਹਾਂ। ਰਾਤ ਦੇ ਸੁਪਨੇ ਵਰਗੇ ਜੀਵਨ ਵਿੱਚ ਉਲਝੇ ਪਏ ਹਾਂ। ਜਦੋਂ ਕਿ ਬਾਣੀ ਸਮਝਾ ਰਹੀ ਹੈ " ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ।।"

ਫ਼ਿਰ ਵੀ ਨਹੀਂ ਸਮਝਦੇ। ਗੁਰਦੁਆਰੇ ਸਾਹਿਬ ਅੰਦਰੋਂ ਬਾਹਰ ਨਿਕਲਦਿਆਂ ਹੀ ਦੁਨੀਆਂ ਵਿੱਚ ਮਸਤ ਹੋ ਜਾਂਦੇ ਹਾਂ। ਕਿੰਨਾ ਕੁ ਸੋਚਦੇ ਹਾਂ ਗੁਰਸ਼ਬਦ ਬਾਰੇ।   ਕੀ ਕਦੇ ਭੋਗ ਦੇ ਵਕਤ ਉਥੇ ਬੈਠਿਆਂ ਅਸੀਂ ਜਾਣ ਵਾਲੇ ਦੀ ਆਤਮਾ ਲਈ ਅਰਦਾਸ ਕਰ ਰਹੇ ਹੁੰਦੇ ਹਾਂ **?**

ਕਿੰਨਾ ਕੁ ਦੁਖ ਵੰਡਾਦੇ ਹਾਂ ਜਾਣ ਵਾਲੇ ਦੇ ਪਿੱਛੇ ਰਹਿ ਗਏ ਪਰਿਵਾਰ ਦੇ ਨਾਲ**?**

ਕੀ ਕਦੇ ਮੁੜਕੇ ਉਸਦੇ ਦੁਖ ਨੂੰ ਵੰਡਾਇਆ ਹੈ ਅਸੀਂ**?**

ਸ਼ਾਇਦ ਇਹੀ ਸੰਸਾਰ ਹੈ.... ਸੰਸਾਰ ਦੀ ਇਹੀ ਰੀਤ ਹੈ,ਬਸ ਇਤਨਾ ਹੀ, ਇਸੇ ਤਰ੍ਹਾਂ ਹੀ  ਚਲਦਾ ਹੈ।

ਕੀ ਅਸੀਂ ਕਿਸੇ ਦੀ ਅੰਤਮ ਅਰਦਾਸ ਲਈ ਜਾਕੇ ਸਿਰਫ਼ ਕੋਸ਼ਿਸ਼ ਵੀ ਕਰ ਸਕਾਂਗੇ ਆਪਣੀ ਜ਼ਿੰਦਗੀ ਦੀ ਸਚਾਈ ਨੂੰ ਪਹਿਚਾਣਨ ਦੀ ਅਤੇ ਜਿੰਦਗੀ ਨੂੰ ਗੁਰਸ਼ਬਦ ਅਨੁਸਾਰ ਢਾਲਣ ਦੀ **?. ...** 🙏🌷

**ਸੰਪਰਕ:** +91 98783 16640

# Prof. Hardev Singh Deepak (Raag Mala Samrat)

Dr. Amardev Singh

Prof. Hardev Singh Deepak was introduced to music from a very young age.

The first time he got onto the stage was at the age of 4, and he sang a 'Dharmak Geet' titled 'Shaheedi Gaddi Punja Sahib' for his first performance. Between the age of 7 to 8 years old, he used to perform folk songs on stage while playing a 'tumbi'.



Later on, he got more seriously inclined towards music and began learning Gurmat Sangeet and Shastri Sangeet. One of his main influences was his teacher, Prof. Gurbaksh Singh from Chandigarh, who had guided him in Gurmat Sangeet. Prof Gurbaksh Singh himself was a graduate of the Shaheed Sikh Missionary College in Amritsar, which had produced some of the finest Kirtaniyas in the Sikh Panth. At the same time,

Prof. Hardev Singh Ji also picked up many intricacies of classical music from various accomplished Muslim and Hindu singers.

Prof. Hardev Singh Ji has also accompanied many renowned Kirtaniyas and furthered his knowledge and skills with their guidance. He accompanied Bhai Nanak Singh Safri from Sri Ganga Nagar between 1979 to 1981 and subsequently he was on the side harmonium with Principal Baldev Singh, with whom he performed Kirtan at Sri Harmandir Sahib, Amritsar between 1982 to 1983. He has done Kirtan at all five 'Takhats' and has traveled abroad on numerous occasions for Kirtan. Prof. Hardev Singh Ji has also dedicated his life to teaching Kirtan, especially to the poor. He taught Kirtan for 10 years without charging any fees, while simultaneously performing Kirtan duties at Gurdwara Sri Guru Singh Sabha, Mukherjee Nagar. He has also taught in Hazoor Sahib, Gurdwara Rakab Ganj Sahib and the Sikh Missionary Center in Dehradun.

In 1992, he came to Malaysia and served as the 'Granthi' in Gurdwara Sahib Ashby Road in the city of Ipoh. He spent about 2 and a half years in

Malaysia and became quite close to the locals. His Kirtan and Katha was much appreciated by the Sangat and he would be invited for Kirtan programs regularly at various Gurdwaras all over Malaysia. While he was in Malaysia, he became very close to late Dato' Paramjeet Singh (brother of Dr. Pritam Singh 'Nagoke') and they would meet daily for evening tea in the Gurdwara. When his best friend passed away suddenly, Prof. Hardev Singh Ji made the decision to go back to India and he left shortly after.

Prof. Hardev Singh Ji is particularly adept at singing Guldastas. One of his popular compositions is a Guldasta composed of 21 Raags, which he sang for the first time in Malaysia during a 3-day Kirtan competition for children held in Wadda Gurdwara, Ipoh. He was one of the event judges along with Master Hari Dev (student of renowned Master Rattan of Sham Chaurasi Gharana), Bhai Didar Singh (a local tabla player from Penang), Bhai Gurcharan Singh (a violinist from Singapore) and Giani Gurcharan Singh Bhaur. Besides that, he has composed a Guldasta comprising of all 62 Raags of Sri Guru Granth Sahib Ji (31 Nidharit Raags and 31 Mishrat Raags).

He also has composed a Guldasta made up of Raag Gauri and its 11 'Parikars' or variations. Due to his mastery over Raags, in 2004 he earned the title 'Raag Mala Samrat' in Mumbai. In 2009/2010, nine Shabads of Guru Nanak Dev Ji and Guru Tegh Bahadur Sahib Ji sung by Prof. Hardev Singh Ji were telecasted on ETC Punjabi. He has also appeared on Doordarshan's famous program 'Kudrat Ke Sab Bande'. Despite his accomplishments, Prof. Hardev Singh Ji is humble in nature and attributes his good fortune and achievements to the grace of Guru Ji.

Sadly, Prof. Hardev Singh Deepak passed away in March 2023 and his last rites were held at Sri Ganganagar, Rajasthan.

**e-mail: kirtansewamalaysia@gmail.com**

# ਰਾਗ ਮਧੂਵੰਤੀ

ਪ੍ਰੋ. ਗੁਰਬਖਸ਼ ਸਿੰਘ

ਓਢਵ ਸੰਪੂਰਨ ਆਧੁਨਿਕ ਰਾਗ ਮਧੂਵੰਤੀ ਦੇ ਆਰੋਹ ਵਿੱਚ ਰਿਖਬ ਅਤੇ ਧੈਵਤ ਵਰਜਤ ਹਨ। ਇਸ ਵਿੱਚ ਗੰਧਾਰ ਕੋਮਲ, ਮੱਧਯਮ ਤੀਵਰ ਅਤੇ ਬਾਕੀ ਸੁਰ ਸ਼ੁੱਧ ਹਨ। ਇਸ ਸ਼ਾਮ ਵੇਲੇ ਦੇ ਰਾਗ ਵਿੱਚ ਪੰਚਮ ਵਾਦੀ ਅਤੇ ਖਰਜ ਸੰਵਾਦੀ ਦੱਸਿਆ ਜਾਂਦਾ ਹੈ। ਪੰਡਤ ਪਟਵਰਧਨ ਜੀ ਇਸ ਰਾਗ ਦਾ ਨਾਮ 'ਅੰਬਿਕਾ' ਵੀ ਦੱਸਦੇ ਹਨ। ਕਈ ਵਿਦਵਾਨ ਇਸ ਰਾਗ ਵਿੱਚ ਦੋਵੇਂ ਨਿਖਾਦ ਵਰਤਦੇ ਹਨ ਪਰ ਉਨ੍ਹਾਂ ਦੀ ਗਿਣਤੀ ਬਹੁਤ ਘੱਟ ਹੈ। ਦਲੀਪ ਚੰਦਰ ਬੇਦੀ ਜੀ ਅਨੁਸਾਰ ਮਧੂਵੰਤੀ ਵਿੱਚ ਦੋਵੇਂ ਨਿਖਾਦ ਲਾਉਣ ਨਾਲ ਰਾਗ 'ਤੁਖਾਰੀ' ਬਣ ਜਾਵੇਗਾ। ਰਾਗ ਤੁਖਾਰੀ ਨੂੰ 7/8 ਤਰੀਕਿਆਂ ਨਾਲ ਗਾਇਆ ਜਾਂਦਾ ਹੈ, ਕਿਹੜਾ ਤੁਖਾਰੀ ਪਰਮਾਣਿਕ ਹੈ ਤੇ ਕਿਹੜਾ ਨਹੀਂ। ਕਹਿਣ ਦਾ ਭਾਵ ਹੈ ਕਿ ਤੁਖਾਰੀ ਤੋਂ ਬਚਣ ਵਾਸਤੇ ਮਧੂਵੰਤੀ ਵਿੱਚ ਸ਼ੁੱਧ ਨਿਖਾਦ ਹੀ ਉਚਿਤ ਹੈ। ਮਧੂਵੰਤੀ ਦੇ ਆਰੋਹ ਵਿੱਚ ਗੰਧਾਰ ਅਲਪ ਹੈ ਅਤੇ ਨਿਖਾਦ ਤੋਂ ਤਾਰ ਖਰਜ ਤੇ ਜਾਂਦਿਆਂ ਨਿਖਾਦ ਤੇ ਠਹਿਰਾਓ ਹੈ। ਅਵਰੋਹ ਵਿੱਚ ਰਿਖਬ ਉੱਤੇ ਖਰਜ ਦਾ ਕਣ ਅਤੇ ਆਰੋਹ, ਅਵਰੋਹ ਵਿੱਚ ਗੰਧਾਰ ਉੱਤੇ ਤੀਵਰ ਮੱਧਯਮ ਦਾ ਕਣ ਰਾਗ ਦੀ ਸੁੰਦਰਤਾ ਵਧਾਉਂਦਾ ਹੈ।

**ਆਰੋਹ**: ਨ਼ ਸ ਗੁ ਮ॑ ਪ ਨ ਸੰ

**ਅਵਰੋਹ**: ਸੰ ਨ ਧ ਪ ਮ॑ ਗੁ [ਸ]ਰ ਸ

**ਮੁੱਖ ਅੰਗ**: ਨ਼ ਸ [ਮ॑]ਗੁ ਮ॑ ਪ ਮ॑ ਗੁ [ਸ]ਰ ਸ।

**ਚਾਲ**: ਨ਼ ਸ, ਨ਼ ਸ ਗੁ ਰ ਸ, ਗੁ ਰ ਸ ਨ਼ ਧ਼ ਪ਼ – ਪ਼ ਨ਼ – ਸ, ਸ – ਗੁ ਮ॑ ਪ – ਮ॑ ਪ [ਮ॑]ਗੁ – ਮ॑
ਗੁ [ਸ]ਰ – ਸ, ਸ [ਮ॑]ਗੁ ਮ॑ ਪ – ਗੁ ਮ॑ ਪ ਨ – ਧ – ਪ – ਮ॑ ਪ [ਮ॑]ਗੁ – [ਸ]ਰ – ਸ, ਮ॑ ਗੁ ਮ॑ ਪ
ਨ – ਸੰ, ਪ ਨ ਸੰ – [ਮ॑]ਗੁੰ ਰੰ – ਸੰ, ਗੁੰ ਰੰ ਸੰ ਨ ਧ ਪ – ਪ ਧ ਮ॑ ਪ ਗੁ ਮ॑ ਪ ਗੁ ਮ॑ ਪ ਨ
ਧ ਪ – ਧ ਮ॑ ਪ ਗੁ – [ਸ]ਰ – ਸ, [ਸ]ਰ ਨ਼ – ਧ਼ ਪ਼ – ਨ਼ – ਪ਼ ਨ਼ ਸ [ਮ॑]ਗੁ ਰ – ਸ।

# ਮਧੂਵੰਤੀ (ਰੂਪਕ ਤਾਲ)

**ਨਾਸਰੋ ਮਨਸੂਰ ਗੁਰੁ ਗੋਬਿੰਦ ਸਿੰਘ ॥ ਏਜ਼ਦੀ ਮਨਜ਼ੂਰ ਗੁਰੁ ਗੋਬਿੰਦ ਸਿੰਘ ॥**
**ਹੱਕ ਰਾ ਗੰਜੂਰ ਗੁਰੁ ਗੋਬਿੰਦ ਸਿੰਘ ॥ ਹੁਮਲਾ ਫ਼ੈਜ਼ਿ ਨੂਰ ਗੁਰੁ ਗੋਬਿੰਦ ਸਿੰਘ ॥**
**ਹੱਕ ਹੱਕ ਆਗਾਹ ਗੁਰੁ ਗੋਬਿੰਦ ਸਿੰਘ ॥ ਸ਼ਾਹਿ ਸ਼ਾਹਨਸ਼ਾਹ ਗੁਰੁ ਗੋਬਿੰਦ ਸਿੰਘ ॥**
**ਬਰ ਦੋ ਆਲਮ ਸ਼ਾਹ ਗੁਰੁ ਗੋਬਿੰਦ ਸਿੰਘ ॥ ਖ਼ਸਮ ਰਾ ਜਾਂ ਕਾਹ ਗੁਰੁ ਗੋਬਿੰਦ ਸਿੰਘ ॥**
**ਹੱਕ ਹੱਖ ਅੰਦੇਸ਼ ਗੁਰੁ ਗੋਬਿੰਦ ਸਿੰਘ ॥ ਬਾਦਸ਼ਾਹ ਦਰਵੇਸ਼ ਗੁਰੁ ਗੋਬਿੰਦ ਸਿੰਘ ॥**
**ਲਾਲ ਸਗਿ ਗ਼ੁਲਾਮਿ ਗੁਰੁ ਗੋਬਿੰਦ ਸਿੰਘ ॥ ਦਾਗ਼ਦਾਰਿ ਨਾਮ ਗੁਰੁ ਗੋਬਿੰਦ ਸਿੰਘ ॥**
**(ਭਾਈ ਨੰਦ ਲਾਲ)**

## ਅਸਥਾਈ

| | | | | | | | | | | | | | |
|---|---|---|---|---|---|---|---|---|---|---|---|---|---|
| ਪ | ਮ॑ | ਪ | ਗੁ | _ | ਰ | ਸ | ਰ | – | ਸ | ਨ਼ | ਨ਼ | ਸ | – |
| ਨਾ | ऽ | ਸ | ਰੋ | ऽ | ਮ | ਨ | ਸੂ | ऽ | ਰ | ਗੁ | ਰ | ਗੋ | ऽ |
| (ਮ॑)ਗੁ | – | ਮ॑ | ਪ | – | – | ਪ | ਪ | ਮ॑ | ਪ | ਗੁ | – | ਮ॑ | ਪ |
| ਬਿੰ | ऽ | ਦ | ਸਿੰ | ऽ | ऽ | ਘ | ਏ | ऽ | ਜ਼ | ਦੀ | ऽ | ਮ | ਨ |
| ਧ | – | ਧ | ਪ | ਧ | ਮ॑ | ਪ | (ਮ॑)ਗੁ | – | ਮ॑ | ਪ | – | – | ਪ |
| ਜ਼ੂ | ऽ | ਰ | ਗੁ | ਰ | ਗੋ | ऽ | ਬਿੰ | ऽ | ਦ | ਸਿੰ | ऽ | ऽ | ਘ |
| x | | | ੨ | | ੩ | | x | | | ੨ | | ੩ | |

## ਅੰਤਰਾ

| | | | | | | | | | | | | | |
|---|---|---|---|---|---|---|---|---|---|---|---|---|---|
| ਪ | ਮ॑ | ਪ | ਗੁ | ਮ॑ | ਪ | ਨ | ਸੰ | ਸੰ | – | ਗੁੰ | ਰੰ | ਨ | ਸੰ |
| ਹ | ऽ | ਕ | ਹ | ऽ | ਕ | ਆ | ਗਾ | ਹ | – | ਗੁ | ਰ | ਗੋ | ऽ |
| ਨ | ਧ | ਪੁਧੁ | ਪ | ਮ॑ | ਗੁ | ਰ | ਸ | ਰ | ਨ਼ | (ਮ॑)ਗੁ | – | ਮ॑ | ਧ |
| ਬਿੰ | ऽ | ਦੁऽ | ਸਿੰ | ऽ | ऽ | ਘ | ਸ਼ਾ | ऽ | ਹਿ | ਸ਼ਾ | ऽ | ਹਿ | ਨ |
| ਪ | ਪ | – | (ਮ॑)ਗੁ | ਗੁ | ਰ | ਸ | ਰ | ਨ਼ | ਨ਼ | ਸ | – | – | ਸ |
| ਸ਼ਾ | ਹ | ऽ | ਗੁ | ਰ | ਗੋ | ऽ | ਬਿੰ | ऽ | ਦ | ਸਿੰ | ऽ | ऽ | ਘ |
| x | | | ੨ | | ੩ | | x | | | ੨ | | ੩ | |

# ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ

ਡਾ. ਹਰਿਭਜਨ ਸਿੰਘ

ਉਦੋਂ ਹਾਜ਼ਰ ਸਾਂ ਮੈਂ

ਤੇਰੇ ਹੱਥ ਵਿਚ ਜਦੋਂ ਤਲਵਾਰ

ਨੰਗੀ ਪਿਆਸ ਵਾਂਗ ਤੜਫੜਾਈ ਸੀ

ਲਹਿਰਦਾ, ਸੁਲਗਦਾ ਮੇਲਾ

ਜਦੋਂ ਸੁੱਕੇ ਸਰੋਵਰ ਵਾਂਗ ਗੁੰਮਸੁੰਮ ਬੁੱਝ ਗਿਆ ਸੀ

ਦੂਰ ਤੀਕਰ ਚੁੱਪ ਦੇ ਬੰਜਰ ਵਿਛੇ ਸਨ

ਜਿਨ੍ਹਾਂ ਦੇ ਵਿਚ ਸਵਾਸ ਵੀ ਉੱਗਦਾ ਨਹੀਂ ਸੀ ਪੂਰਾ।

ਓਦੋਂ ਹਾਜ਼ਰ ਸਾਂ ਮੈਂ

ਤੇਰੇ ਮੂੰਹੋਂ ਜਦੋਂ ਇਕ ਬੋਲ ਦਾ ਟੁਕੜਾ

ਸੁਲਗਦੀ ਲਾਟ ਵਾਂਗੂੰ ਨਿਕਲਿਆ ਸੀ

ਸੀਸ ਜਿਸ ਦੇ ਪਾਸ ਹੈ ਹਾਜ਼ਰ ਕਰੇ

ਉਦੋਂ ਬੇਸੀਸ ਬੰਦੇ ਵਾਂਗ ਮੇਰੀ ਹਾਜ਼ਰੀ ਸੀ।

ਮੇਰੇ ਸੀਨੇ ਚ ਮੇਰੀ ਜਾਨ

ਅਚੇਤੀ ਲਹਿਰ ਵਾਂਗੂੰ ਤ੍ਰਭਕ ਕੇ ਉਠੀ

ਤੇ ਫਿਰ ਡੀਕੀ ਨਦੀ ਦੀ ਲਹਿਰ ਵਾਂਗੂੰ ਸੌਂ ਗਈ

ਮੈਂ ਆਪਣੀ ਥਾਂ ਤੇ ਬੈਠਾ ਸਾਂ ਬਿਰਛ ਵਾਂਗੂੰ

ਜਿਨੂੰ ਮੁੱਢੋਂ ਕਿਸੇ ਦੋ ਚਾਰ ਹੱਥ ਛਡ ਕੇ

ਸਬੂਤਾ ਵੱਢ ਦਿੱਤਾ ਸੀ

ਨਿਰੀ ਨੰਗੀ ਨਿਕੱਦੀ ਹੀਣਤਾ

ਮੇਰੇ ਉੱਪਰ ਮੇਰੀ ਆਪਣੀ ਵੀ ਛਾਂ ਕੋਈ ਨਹੀਂ ਸੀ

ਉਦੋਂ ਹਾਜ਼ਰ ਸਾਂ ਮੈਂ

ਤੇਰੀ ਤੱਕਣੀ ਜਦੋਂ ਛਿਲਤੀ ਕਿਰਨ ਵਾਂਗੂੰ

ਮੇਰੇ ਵਿਰਲ਼ਾਂ ਚੋਂ ਝਾਕਦੀ ਸੀ

ਮੇਰੇ ਅੰਦਰ ਜੋ ਇਕ ਸੂਰਜ ਜਿਹਾ ਤੂੰ ਬਾਲ ਧਰਿਆ ਸੀ

ਉਹਦੇ ਚਾਨਣ ਚ ਮੇਰੀ ਹਉਂ ਵਿਆਕੁਲ ਸੀ

ਮੈਂ ਆਪਣੇ ਆਪ ਨੂੰ ਪੁੱਛਦਾ ਪਿਆ ਸਾਂ

ਮੇਰੇ ਧੜ ਤੇ ਮੇਰਾ ਸਿਰ ਹੈ ਜਾਂ ਸਿਰ ਦਾ ਦੰਭ ਹੈ

ਜੋ ਵਿਖਾਇਆ ਜਾ ਤਾਂ ਸਕਦੈ

ਵਰਤਿਆ ਬਿਲਕੁਲ ਨਹੀਂ ਜਾਂਦਾ

ਮੈਂ ਆਪਣਾ ਆਪ ਹਾਂ ਜਾਂ ਅਜਨਬੀ ਹਾਂ

ਮੈਨੂੰ ਹੁਣ ਆਪਣੀ ਹੀ ਹਾਜ਼ਰੀ ਇੱਕ ਭਾਰ ਲੱਗਦੀ ਸੀ

ਤੇ ਭਰੇ ਮੇਲੇ ਦੀ ਚੁੱਪ

ਬੋਝ ਸੀ ਉਪਹਾਸ ਦਾ।

ਤੇ ਚਮਤਕਾਰਾ ਜਦੋਂ ਹੋਇਆ

ਉਦੋਂ ਹਾਜ਼ਰ ਸਾਂ ਮੈਂ

ਮੇਰੇ ਲਾਗੇ ਹੀ ਬੈਠਾ ਸੀ ਚਮਤਕਾਰੀ

ਜਿਨ੍ਹੇ ਆਪਣੇ ਹੀ ਹੱਥੀਂ ਸੀਸ ਲਾਹ ਕੇ ਆਪਣਾ

ਸਹਿਜੇ ਟਿਕਾ ਦਿੱਤਾ ਤੇਰੇ ਚਰਨੀਂ

ਤੇਰੇ ਹੱਥਾਂ ਚ ਅਚਲ ਤਲਵਾਰ ਵੀ

ਛਿਣ ਭਰ ਲਈ ਥੱਰਰਾ ਗਈ ਸੀ

ਮੁਅਜ਼ਜ਼ਾ ਤੱਕ ਕੇ।

ਸੀਸ ਵਾਲੇ ਸੀਸ ਅਰਪਨ ਵਾਸਤੇ

ਤਲਵਾਰ ਦੇ ਮੁਹਤਾਜ ਨਹੀਂ ਹੁੰਦੇ

ਚਮਤਕਾਰੀ ਨੇ ਸੀਸ ਆਪਣਾ

ਇਉਂ ਸਹਿਜੇ ਟਿਕਾਇਆ ਸੀ ਤੇਰੇ ਚਰਨੀਂ

ਜਿਵੇਂ ਅੰਬਰ ਦੇ ਪੈਰੀਂ

ਨਿਤ ਸਵੇਰਾ ਆਪਣਾ ਸੂਰਜ ਬਾਲ ਧਰਦਾ ਹੈ।

ਤ੍ਰਭਕ ਕੇ ਉਠੀ ਸੀ ਮੇਰੀ ਜਾਨ

ਮੁੜ ਕੇ ਵਿਰਲ਼ ਚੋ ਡੁੱਲ੍ਹ ਜਾਣ ਲਈ

ਕੀਲ ਵਿਚ ਬੱਝਾ ਹੋਇਆ ਮੇਲਾ

ਰਤਾ ਕੁ ਹਿੱਲ ਕੇ ਥਿਰ ਹੋ ਗਿਆ

ਚੁੱਪ ਬਰੜਾਈ ਰਤਾ

ਤੇ ਫਿਰ ਬਰੇਤੇ ਸੌਂ ਗਈ

ਤੇ ਚਮਤਕਾਰੀ ਪੁਰਖ ਇਕ ਹੋਰ

ਹੋਰ ਤੇ ਇਕ ਹੋਰ ਤੇ ਇਕ ਹੋਰ

ਇਕ ਗਗਨ ਇੱਕੋ ਸਮੇਂ ਕਈ ਸੂਰਜ ਉਦੈ ਹੋਏ

ਤੇ ਮੈਂ ਬੇਸੀਸਾ ਧੀਰਿਆ

ਸ਼ੁਕਰ ਹੈ, ਹੁਣ ਗੁਰੂ ਨੂੰ ਲੋੜ ਨਹੀਂ।

ਤੇ ਜਦੋਂ ਤੂੰ ਸੀਸ ਨੂੰ

ਦਸਤਾਰ ਦਾ ਸਤਿਕਾਰ ਦੇ ਕੇ

ਤਖ਼ਤ ਉੱਤੇ ਪਾਸ ਆਪਣੇ ਹੀ ਬਿਠਾਇਆ ਸੀ

**ਮੈਂ ਡੂਰਿਆ** :

ਹਾਇ ਜੇ ਪਹਿਲਾਂ ਪਤਾ ਹੁੰਦਾ

ਕਿ ਏਨਾ ਪਿਆਰ ਦੇ ਕੇ

ਸਤਿਗੁਰੂ ਨੇ ਸੀਸ ਵਾਪਸ ਮੋੜ ਦੇਣਾ ਹੈ

ਤਾਂ ਮੈਂ.............

ਤਾਂ ਮੈਂ ............

ਮੰਨਿਆ ਕਿ ਮੇਰੇ ਧੜ 'ਤੇ ਮੇਰਾ ਸੀਸ ਨਹੀਂ

ਸੀਸ ਦਾ ਪਾਖੰਡ ਤਾਂ ਹੈ।

ਮੈਂ ਇਹ ਪਾਖੰਡ ਹੀ ਆਪਣੇ ਗੁਰੂ ਨੂੰ ਭੇਟ ਕਰਦਾ

ਪਰ ਨਹੀਂ

ਤੇਰੀ ਤੱਕਣੀ ਅਜੇ ਛਿਲਤੀ ਕਿਰਨ ਵਾਂਗੂੰ

ਮੇਰੇ ਵਿਰਲ਼ਾਂ ਚੋਂ ਅੰਦਰ ਝਾਕਦੀ ਸੀ

ਮੇਰੇ ਅੰਦਰ ਤੂੰ ਇਕ ਸੂਰਜ ਜਿਹਾ ਜੋ ਬਾਲ ਧਰਿਆ ਸੀ

ਉਹ ਜਿਉਂਦਾ ਜਾਗਦਾ ਸੀ

**ਤੇ ਕਹਿ ਰਿਹਾ ਸੀ:**

ਏਸ ਥਾਵੇਂ ਦੰਭ ਦਾ ਸਿੱਕਾ ਨਹੀਂ ਚੱਲਦਾ
ਸੀਸ ਅਰਪਨ ਕਰਨ ਦਾ ਵੇਲ਼ਾ ਹੈ, ਪਰ
ਆਪਣੇ ਧੜ 'ਤੇ ਸੀਸ  ਪੈਦਾ ਕਰ।

ਮੈਂ ਤੇਰੇ ਦਰਬਾਰ ਵਿੱਚ
ਹਾਲੇ ਵੀ ਹਾਜ਼ਰ ਹਾਂ
ਮੈਂ ਆਪਣੀ ਥਾਂ 'ਤੇ ਬੈਠਾ ਹਾਂ
ਬਿਰਛ ਵਾਂਗੂੰ
ਜਿਨ੍ਹੂੰ ਮੁੱਢੋਂ ਕਿਸੇ ਨੇ ਚਾਰ ਹੱਥ ਛਡ ਕੇ
ਸਬੂਤਾ ਵੱਢ ਦਿੱਤਾ ਸੀ
ਮੇਰੇ ਧੜ 'ਤੇ ਅਜੇ ਤੀਕਰ ਵੀ ਮੇਰਾ ਸੀਸ ਨਹੀਂ
ਪਰ ਸੀਸ ਦਾ ਪਾਖੰਡ ਵੀ ਨਹੀਂ।

**ਸੋਚਦਾ ਹਾਂ:**

ਮੇਰੇ ਧੜ 'ਤੇ ਨਵੇਂ ਸੂਰਜ ਜਿਹਾ
ਜਦ ਸੀਸ ਉੱਗੇਗਾ
ਰੌਸ਼ਨੀ ਉਸਦੀ
ਗੁਰੂ ਦਾ ਨਾਮ ਲੈ ਕੇ ਅਰਪ ਦੇਵਾਂਗਾ
ਨਿਰੀ ਨੰਗੀ ਨਿੱਕਦੀ ਹੀਣਤਾ
ਮੈਥੋਂ ਹੁਣ ਜੀਵੀ ਨਹੀਂ ਜਾਂਦੀ।

आत्मनिर्भर भारत
MAKE IN INDIA

ALP®
AEROFLEX®

# AEROFLEX®

## The Ideal EPDM Thermal Insulation for HVAC & R



- Closed cell elastomeric foam
- Temp. range: -70˚C to 150˚C
- Excellent Fire resistance
- Least Smoke Density & Toxicity
- Non-polar
- CFC/ HCFC free
- Low thermal conductivity
- Anti-microbial
- Non-corrosive

**AEROFLEX® EPDM Closed cell structure elastomeric foam**

Being halogen-free makes Aeroflex EPDM the most suitable choice of insulation for all types of projects as it has the least smoke density and toxicity with excellent fire resistance properties. With its anti-microbial and nonpolar properties, it ensures no moisture ingress or microbial contamination. EPDM is extremely durable and flexible in nature and has the widest working range of temperature, which makes it the most suitable choice of insulation for all HVAC & R applications. Not only is it CFC, HCFC, dust & nitrosamine free, but also eco-friendly by nature.

UL 94 | ASTM E84/D635/ G154/ C534 | RoHS | FDA | DIN | IMO INTERNATIONAL MARITIME ORGANIZATION | MEMBER | GREENGUARD

+91-124-4731500 | marketing@alpaeroflex.com | www.alpaeroflex.com